ੴ ਵਾਹਿਗੁਰੂ ਜੀ ਕੀ ਫ਼ਤਹ ॥


ਮਾਸਿਕ ਪੱਤਰ

# ਸੂਰਾ

ਲੁਧਿਆਣਾ

SURA Monthly Ludhiana

ਨਵੰਬਰ ੧੯੯੯



# ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ



www.AKJ.Org

# ਸੁਣੀ ਪੁਕਾਰਿ ਦਾਤਾਰੁ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ॥





## ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਪਾਕਿਸਤਾਨ

(ਉਪਰ) ਬਾਹਰਲਾ ਦ੍ਰਿਸ਼ (ਹੇਠਾਂ) ਅੰਦਰਲਾ ਦ੍ਰਿਸ਼

ਇਸ ਅਸਥਾਨ ਤੇ ਸਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ ੨੨ ਨਵੰਬਰ ਰਾਤ ਨੂੰ ਇੰਟਰਨੈਸ਼ਨਲ ਰੈਣ ਸਬਾਈ ਕੀਰਤਨ ਹੋ ਰਹੇ ਹਨ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੩ ਨੈਵੰਬਰ ੧੯੯੯ ਅੰਕ ੧੧

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

(ਨਾਨਕਸ਼ਾਹੀ ਕਲੰਡਰ ਅਨੁਸਾਰ)

| | |
|---|---|
| ਬੰਦੀ ਛੋੜ ਦਿਵਸ | ੭ ਨਵੰਬਰ |
| ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ | ੨੩ ਨਵੰਬਰ |
| ਸ਼ਹੀਦੀ ਪਾ: ਨੌਵੀਂ | ੨੪ ਨਵੰਬਰ |
| ਗੁਰਗੱਦੀ ਪਾ: ਦਸਵੀਂ | ੨੪ ਨਵੰਬਰ |
| ਮੇਲਾ ਅੱਚਲ ਸਾਹਿਬ (ਬਟਾਲਾ) | ੧੭ ਨਵੰਬਰ। |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400ਰੁ: | 4000ਰੁ: |

## ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਟਾਈਟਲ ਡਿਜ਼ਾਈਨ : ਜਸਬੀਰ ਸਿੰਘ ਲੁਧਿਆਣਾ

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-੭੩, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ


- ਤਿਮਰ ਅਗਿਆਨ ਤੋਂ ਉਜਿਆਰਾ ........ ੨
- ਗੁਰੂ ਨਾਨਕ ਦੀ ਕੁਦਰਤਿ ........ ੬
- ਸਮਤਾ ਦੇ ਸਾਗਰ ਗੁਰੂ ਨਾਨਕ ਨਿਰੰਕਾਰੀ ........ ੯
- ਬਲਿਹਾਰੀ ਕੁਦਰਤਿ ਵਸਿਆ ........ ੧੩
- ਕੀਤੋ ਸੁ ਆਪਣਾ ਪੰਥ ਨਿਰਾਲਾ ........ ੧੫
- ਗੁਰੂ ਨਾਨਕ ਆਗਮਨ (ਕਵਿਤਾ) ........ ੧੮
- ਗੁਰਮਤਿ ਧਰਮ ਦਾ ਸ਼ਬਦ ਗੁਰੂ ਦਾ ਸਿਧਾਂਤ ........ ੧੯
- SRI GURU NANAK DEV JI ........ ੨੨
- ਅੰਮ੍ਰਿਤ ਸ਼ਕਤੀ (ਕਵਿਤਾ) ........ ੨੫
- ਸਾਧ ਸੰਗਿ ਜਨਮ ਮਰਣ ਨਿਵਾਰੀ ........ ੨੬
- ਨਵੰਬਰ 1984 (ਕਵਿਤਾ) ........ ੨੮
- ਸਫਲ ਸ਼ਹਾਦਤ ........ ੨੯
- ਸੇਵਾਦਾਰਾਂ ਦੀ ਸੂਚੀ ........ ੩੧
- ਸਿਖ ਗੁਰਦੁਆਰਾ ਐਕਟ ਵਿਚ ਸੋਧਾਂ ਬਾਰੇ ਜਾਣਕਾਰੀ.. ੩੨
- ਸਲੋਕ ਭਗਤ ਕਬੀਰ ਜੀਉ ਦੇ ........ ੩੬
- ਕਰਮ ਫ਼ਿਲਾਸਫ਼ੀ ........ ੩੮
- ਯੂ. ਕੇ. ਸਮਾਚਾਰ ........ ੪੨
- ਰਿਸ਼ਤੇ ਨਾਤੇ ........ ੪੬
- ਆਉਣ ਵਾਲੇ ਕੀਰਤਨ ਸਮਾਗਮ ........ ੪੮


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਤਿਮਰ ਅਗਿਆਨ ਤੋਂ ਉਜਿਆਰਾ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

## ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਾ ਕਾਰਨ ?

ਭਰਮ ਅੰਧੇਰਾ, ਤਿਮਰ ਅਗਿਆਨ ਸਾਰੇ ਜਗਤ ਪਰ ਛਾਇਆ ਦੇਖ ਕੇ, ਕੇਵਲ ਇਸ ਤਿਮਰ ਅਗਿਆਨ ਰੂਪੀ ਭਰਮ-ਅੰਧੇਰੇ ਨੂੰ ਦੂਰ ਕਰਨ ਹਿਤ ਹੀ 'ਜਗਤ ਗੁਰੂ ਨਾਨਕ ਦੇਵ' ਜੀ ਨੇ ਤਿਮਰ ਅਗਿਆਨ ਦੇ ਹੜ੍ਹ ਵਿਚ ਹੜ੍ਹੇ ਜਾਂਦੇ ਸੰਸਾਰ ਨੂੰ ਉਬਾਰਨ ਲਈ ਕਲੀਕਾਲ ਵਿਖੇ ਆਣ ਕੇ ਅਵਤਾਰ ਧਾਰਿਆ ਅਤੇ ਧੁੰਦ ਗੁਬਾਰ ਵਿਚ ਧੁੰਦਲਾਏ ਸੰਸਾਰ ਦੇ ਧੁੰਦ ਰੋਗ, ਭਰਮ ਅੰਧ ਰੋਗ, ਤਿਮਰ ਅਗਿਆਨ ਰੋਗਾਂ ਨੂੰ ਦੂਰ ਕਰਨ ਲਈ ਅਜਿਹਾ ਅਧਿਭੁਤ ਅੰਜਨ ਅਮਰ ਕਲਾ ਦੁਆਰਾ ਵਰਸਾ ਕੇ ਧੁੰਦ ਰੋਗ ਦੇ ਆਤੁਰ ਅੰਧ-ਅਗਿਆਨੀ ਸੰਸਾਰੀਆ ਪ੍ਰਤੀ ਨਿਛਾਵਰ ਕੀਤਾ ਕਿ ਜਿਸ ਔਖਧ ਸੰਪੰਨ ਅਮਰ ਕਲਾ ਨੇ ਸੁਗਮ ਹੀ ਭਰਮ ਦੇ ਛਉੜ ਕਟ ਦਿਤੇ। ਏਸ ਅਮਰ ਕਲਾ ਪ੍ਰਕਾਸ਼ਕ ਅਤੇ ਤਿਮਰ ਅਗਿਆਨ ਬਿਨਾਸ਼ਕ ਨਿਰੰਜਨ-ਅੰਜਨੀ ਔਖਧੀ (ਦਾਰੂ) ਨੂੰ ਰਿਦੈ ਰੂਪੀ ਨੇਤਰਾਂ ਅੰਦਰ ਸਿੰਚ ਕੇ, ਰੋਗੀ ਸੰਸਾਰ ਦਾ ਅਗਿਆਨ ਰੋਗ ਚੱਕ ਦਿਤਾ। ਆਹ ! ਕਿਹੀ ਅਸਚਰਜ ਔਖਧੀ ਹੈ ! ਕਿਹਾ ਅਦੁੱਤੀ ਅੰਜਨ ਹੈ ! ਜਿਸ ਨੂੰ ਗੁਰੂ ਸਰੂਪ ਅੰਮ੍ਰਿਤ ਬਾਣੀ, ਸਤਿਗੁਰੂ ਨਾਨਕ ਦੇਵ ਰੂਪੀ ਗੁਰੂ ਸਰੂਪ ਸੋਮੇ 'ਚੋਂ ਨਿਕਲੀ ਹੋਈ ਬਾਣੀ ਇਸ ਬਿਧ ਵਰਨਣ ਕਰਦੀ ਹੈ। ਯਥਾ :-

ਸੰਸਾਰੁ ਰੋਗੀ ਨਾਮੁ ਦਾਰੂ ....੧॥ (ਧਨਾਸਰੀ ਮ: ੧- ਪੰਨਾ ੬੮੭)

ਤਥਾ- ਗਿਆਨ ਅੰਜਨ ਨਾਮ ਬਿੰਜਨ ....੧॥ (੪॥੨) ਬਿਹਾਗੜਾ ਮ: ੫, ਪੰਨਾ ੫੪੨)

ਬਸ ਇਹ ਅਲੌਕਿਕ ਅੰਜਨ, ਇਹ ਅਧਿਭੁਤ ਔਖਧੀ (ਦਾਰੂ) ਨਾਮ ਹੈ। ਜਿਸ ਅਮਰ ਪਦਾਰਥ ਦੇ ਭੁੰਚਿਆਂ ਅਤੇ ਰੋਗੀ ਦੇ ਰਿਦੇ ਰੂਪੀ ਰਿਦੇ-ਆਕਾਰ ਅੰਦਰ ਸਿੰਚਤ ਹੋਇਆਂ ਅਗਿਆਨ-ਅੰਧੇਰੇ ਦਾ ਬਿਨਾਸ ਅਤੇ ਕੋਟ ਸੂਰਜਾਂ ਦੇ ਉਜਿਆਰੇ ਸਮ ਦਿੱਬ-ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਯਥਾ ਗੁਰਵਾਕ -

ਨਾਮ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥੩॥੪॥ (ਪੰਨਾ ੭੦੦)

ਇਹ ਪ੍ਰੀਖਿਆ ਹੈ ਭਰਮ-ਅੰਧੇਰਾ ਬਿਨਸਨ ਦੀ, ਇਹ ਸੱਚੀ ਪਛਾਣ ਹੈ ਤਿਮਰ ਅਗਿਆਨ ਦੇ ਬਿਨਾਸ ਦੀ।

## ਤਿਮਰ ਅਗਿਆਨ ਤੋਂ ਉਜਿਆਰਾ-

ਜਦ ਤੀਕ ਜਗਿਆਸੂਆਂ ਦੇ ਹਿਰਦੇ ਅੰਦਰ ਉਸ ਦਿੱਬ ਜੋਤਿ ਦੇ ਪ੍ਰਕਾਸ਼ ਦਾ ਉਜਾਲਾ, ਸਚ ਮੁਚ ਕੋਟ (ਕਰੋੜ ਸੂਰਜਾਂ ਦੇ ਚਾਨਣੇ ਵਤ ਪਸਰਤ ਹੋ ਕੇ ਇਸ ਬਿਧਿ ਜਗਿਆਸੂਆਂ ਦੇ ਘਟਾਂ ਅੰਦਰ ਗਿਆਨ ਰੂਪੀ ਸੱਚਾ ਚਾਨਣਾ ਨਹੀਂ ਖਿੜਦਾ (ਵਿਗਸਦਾ), ਜੈਸੇ ਕਿ* "ਚਾਂਦਨਾ ਗ੍ਰਿਹਿ ਹੋਇ ਅੰਧੇਰੈ" ਦੇ ਗੁਰਵਾਕ ਦਾ ਭਾਵ ਦਸਦਾ ਹੈ ਤਦ ਤੀਕਰ ਘੋਰ ਅੰਧਕਾਰ ਹੀ ਅੰਧਕਾਰ ਹੈ। ਪਰ ਐਵੇਂ ਕਥਨੀ ਬਦਨੀ ਦੁਆਰਾ ਇਹ ਉਜਾਲਾ ਉਦਿਤ ਨਹੀਂ ਹੋ ਸਕਦਾ। ਬਸ, 'ਨਾਮ', ਕੇਵਲ ਨਾਮ ਦੁਆਰਾ ਹੀ ਐਸਾ ਹੋਣਾ ਸੰਭਵ ਹੈ। ਨਾਮ, ਕੇਵਲ ਨਾਮ ਦੁਆਰਾ ਦਿਬ ਜੋਤਿ ਦੀ ਲਖਤਾ, ਕੋਟ ਸੂਰਜਾਂ ਦੇ ਉਜਿਆਰੇ ਸਮ ਪ੍ਰਕਾਸ਼ਤ ਜੋਤਿ ਦੀ ਲਖਤਾ ਪ੍ਰਾਪਤ ਹੁੰਦੀ ਹੈ। ਇਸ ਲਖਤਾ ਦਾ ਅਰਥ ਚੁੰਚ ਗਿਆਨੀਆਂ ਵਾਲੇ ਕਥਨੀ ਮਾਤਰ ਹੀ ਨਹੀਂ। ਅਨੁਮਾਨਤਾ ਐਵੇਂ ਕਹਿਣੀ ਹੀ ਹੈ। ਇਹ ਲਖਤਾ ਤਾਂ ਉਸ ਕੋਟ ਸੂਰਜਾਂ ਦੇ ਉਜਿਆਰੇ ਸਮ ਝਿਲਮਿਲਕਾਰ ਕ੍ਰਾਂਤੀ ਪ੍ਰਕਾਸ਼ਤ ਜੋਤਿ ਦਾ ਸਾਂਗੋ ਪਾਂਗ ਦਿਦਾਰ ਦਾ ਸਾਪੇਖਛ ਦਰਸ਼ਨ ਹੈ। ਏਸ ਅਲੌਕਿਕ ਨਾਮ ਪਦਾਰਥ ਦਾ ਫੁਹਾਰਾ ਕਿਥੋਂ ਫੁਟਿਆ ? ਉਸ 'ਸੱਚ, ਸਤਿਗੁਰ ਸ੍ਰੀ ਗੁਰੂ ਨਾਨਕ ਦੇਵ' ਰੂਪੀ ਸੱਚੇ ਸੋਮੇ ਤੋਂ, ਜਿਸ ਦੇ ਅਵਤਾਰ ਧਾਰਨ ਦੇ ਸੁਭਾਗ ਦਿਹਾੜੇ ਦਾ ਗੁਰਪੁਰਬ ਸਦਾ ਮਨਾਇਆ ਜਾਂਦਾ ਹੈ।

ਇਹ ਗੁਰਪੁਰਬ ਮਨਾਵਣ ਦੀਆਂ ਸਾਰੀਆਂ ਖੁਸ਼ੀਆਂ ਕੇਵਲ ਉਸ ਸੁਭਾਗ ਦੀ ਯਾਦਗਾਰ ਵਿਚ ਹਨ, ਜਿਸ ਦਿਨ ਕਿ ਜੋਤਿ ਸਰੂਪ ਜੋਤਿ ਅਤੇ ਆਪਣੇ ਜੋਤਿ ਸਰੂਪ ਪ੍ਰਕਾਸ਼ ਦੁਆਰਾ ਸੰਸਾਰ ਭਰ ਦਾ ਤਿਮਰ-ਅਗਿਆਨ ਬਿਨਾਸ ਕਰਨਹਾਰ ਜੋਤਿ, ਨਾਮ ਦੀ ਕਲਾ ਵਰਤਾ ਕੇ ਕੋਟਾਨ ਸੂਰਜਾਂ ਦੇ ਝਲਕਾਰ ਸਾਰਖੇ ਚਮਤਕਾਰ

*ਕਾਨੜਾ ਮ: ੫ ਪੰਨਾ ੧੩੦੧



www.AKJ.Org

ਨੂੰ ਸਾਖਸ਼ਾਤ ਕਰਾਵਨਹਾਰੀ ਜੋਤਿ ਅਰਥਾਤ ਗੁਰੂ, "ਸ੍ਰੀ ਗੁਰੂ ਨਾਨਕ ਦੇਵ" ਜੀ ਨੇ ਪਹਿਲੇ ਜਾਮੇ ਵਿਚ ਆਣ ਕੇ ਇਸ ਭਾਵ-ਭੂਮੀ ਉਤੇ ਆਪਣੇ (ਨਿਜ ਸਰੂਪ) ਨੂੰ ਪਰਗਾਸਿਆ। ਅਜਿਹੇ ਜੋਤਿ ਗੁਰੂ ਦੇ ਪਰਗਟ ਹੋਣ ਦਾ ਦਿਹਾੜਾ ਕੋਈ ਆਵਾਗਉਣ (ਮਮੂਲੀ) ਦਿਹਾੜਾ ਨਹੀਂ, ਇਹ ਸੱਚੇ ਪ੍ਰਕਾਸ਼ ਦਾ ਦਿਹਾੜਾ ਹੈ। ਇਸ ਦਿਨ ਤੋਂ ਹੀ ਕੂੜ ਦੀ ਪਾਲ ਨੂੰ ਤੋੜ ਕੇ ਸੱਚ ਦੀ, ਸੱਚੇ ਗਿਆਨ ਦੀ ਪਹੁ ਫੁਟਣ ਲੱਗੀ ਹੈ। ਇਸ ਦਿਨ ਤੋਂ ਹੀ ਅਗਿਆਨ ਦੇ ਭਰਮ-ਅੰਧੇਰੇ ਦੀ ਧੁੰਦ ਮਿਟਣ ਲੱਗੀ ਹੈ। ਖਾਸ ਉਹ ਦਿਨ ਤਾਂ ਵਿਸ਼ੇਸ਼ ਕਰਕੇ ਇਉਂ ਸੁਭਾਗਾ ਅਤੇ ਪੂਜਨੀਕ ਹੈ ਕਿ ਉਸ ਦਿਨ ਨਾਮ ਦਾ ਛੱਟਾ ਦੇ ਕੇ ਸੰਸਾਰ ਭਰਮ ਵਿਚ ਸੱਚਾ ਪ੍ਰਕਾਸ਼ ਕਰਨਹਾਰੀ ਅਕਾਲੀ ਮੂਰਖ ਦਾ ਆਪਣੇ ਜਗਮਗ ਜੋਤਿ ਵਿਚ ਜਗ ਕੇ ਪ੍ਰਕਾਸ਼ ਸਰੂਪ ਜੋਤਿ ਦੇ ਸੋਮੇ ਸਰੂਪੀ ਸੱਚੇ ਸੂਰਜ ਦਾ ਉਦੈ ਹੋਣਾ ਹੋਇਆ ਹੈ, ਜਿਸ ਸੂਰਜ ਰੂਪੀ ਸੋਮੇ ਤੋਂ ਨਿਕਸ ਕੇ ਪ੍ਰਕਾਸ਼ੀ ਨਾਮ ਰੂਪੀ ਕਿਰਨ ਦਾ ਉਜਿਆਰਾ (ਚਾਨਣਾ) ਹੀ ਕੋਟ ਸੂਰਜਾਂ ਦੇ ਉਜਿਆਰੇ ਸਮ ਹੈ। ਤਾਂ ਉਸ ਸੋਮੇ ਸਰੂਪ ਸੱਚੇ ਸੂਰਜ ਦੇ ਉਜਿਆਰੇ ਦੀ ਸੋਭਾ ਤਾਂ ਕੇਤਕ ਵਰਨਣ ਹੋ ਸਕਦੀ ਹੈ। ਕੋਟਾਨ ਕੋਟ ਸੂਰਜਾਂ ਦਾ ਚੜ੍ਹਨਾ ਗੁਰੂ ਰੂਪੀ ਸੱਚੇ ਸੂਰਜ ਦੇ ਪ੍ਰਕਾਸ਼ (ਉਦ ਹੋਣ) ਦੇ ਸਾਹਮਣੇ ਸੱਚ ਮੁਚ ਤੁਛ ਮਾਤਰ ਹੈ, ਜਿਹਾ ਕਿ ਇਹ ਵਾਕ ਭੀ ਪ੍ਰੋੜ੍ਹਤਾ ਕਰਦਾ ਹੈ। ਯਥਾ :-

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥

ਏਤੇ ਚਾਨਣ ਹੋਂਦਿਆਂ ਗੁਰ ਬਿਨੁ ਘੋਰ ਅੰਧਾਰ ॥੨॥੧॥ (ਮ: ੨, ਪੰਨਾ ੪੬੩)

'ਸਉ' ਅਤੇ 'ਹਜਾਰ' ਦੇ ਪਦਾਂ ਤੋਂ ਭਾਵ ਅਣਗਿਣਤ ਦਾ ਹੈ। ਜਦ ਕਿ ਗੁਰੂ ਬਿਹੂਣ ਅਣਗਿਣਤ ਸੂਰਜਾਂ ਦੇ ਹੁੰਦਿਆਂ ਤਾਂ ਘੋਰ ਅੰਧਾਰ ਹੀ ਰਹਿੰਦਾ ਹੈ, ਤਦ ਇਸ ਭਵ-ਭੂਮੀ ਉਤੇ ਇਸ ਸੂਰਜ ਦੇ ਹੁੰਦਿਆਂ, ਪਰ ਗੁਰੂ ਬਿਹੂਣ ਕਿਤਨਾ ਕੁ ਘੋਰ ਅੰਧਾਰ ਹੋਵੇਗਾ। ਗੁਰੂ ਦੇ ਪਰਗਟ ਹੋਣ ਤੋਂ ਪਹਿਲਾਂ ਇਸ ਭਵ-ਭੂਮੀ ਉਤੇ ਮਹਾਂ ਘੋਰ ਗੁਬਾਰ ਹੋਣ ਵਿਚ ਰੰਚਕ ਭੀ ਸੰਦੇਹ ਨਹੀਂ ਹੋ ਸਕਦਾ, ਪਰ ਇਸ ਸੱਚੇ ਸੂਰਜ ਦੇ ਲਵੇ ਕੋਟ ਸੂਰਜ ਭੀ ਨਹੀਂ ਲਗਦੇ। ਇਸ ਸੱਚ ਪ੍ਰਕਾਸ਼ ਦੇ ਸੋਮੇ ਗੁਰੂ ਰੂਪੀ ਸੱਚੇ ਸੂਰਜ ਦੇ ਪਰਗਟ ਹੋਣ ਪਰ, ਇਸ ਭਵ-ਭੂਮੀ ਉਤੇ ਕਿਤਨਾ ਕੁ ਚਾਨਣ ਹੋਇਆ ਹੋਊ। ਸੱਚ ਮੁਚ ਧੁੰਦ-ਗੁਬਾਰ ਅਤੇ ਘੋਰ-ਅੰਧਾਰ ਵਿਚ ਨਿਰਮਲ ਉਜਿਆਰਾ ਅਤੇ ਜਗਤ ਭਰ ਵਿਖੇ ਦਿਬ ਅਤੇ ਦੈਵੀ ਚਾਨਣੇ ਦਾ ਸੱਚਾ ਚਾਨਣ ਵਰਤ ਗਿਆ ਹੋਊ। ਕੀ ਇਸ ਮਹਾਂ ਵਾਕ ਦੀ ਸੱਚਿਆਈ ਉਤੇ ਸੰਦੇਹ ਉਪਜ ਸਕਦਾ ਹੈ ਕਿ-

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥ (ਵਾਰ ੧, ਪਉੜੀ ੨੭)

## ਗੁਰਪੁਰਬ ਮਨਾਉਣ ਦਾ ਪਰਯੋਜਨ ਕੀ ਹੈ?

ਅਜਿਹੇ ਸੱਚੇ ਸਤਿਗੁਰੂ ਦੀ ਯਾਦ ਵਿਚ ਗੁਰਪੁਰਬ ਕਿਉਂ ਨਾ ਮਨਾਏ ਜਾਵਣ ।ਇਸ ਯਾਦਗਾਰ ਵਿਚ ਗੁਰਪੁਰਬ ਮਨਾਵਣ ਦਾ ਅਸਲੀ ਅਤੇ ਮੁੱਖ ਮਨੋਰਥ ਕੀ ਹੈ। ਆਓ ਜ਼ਰਾ ਮਿਲ ਕੇ ਵਿਚਾਰੀਏ। ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਗਟਣ ਦਾ ਪਰਮ ਪੁਰਖ ਪ੍ਰਯੋਜਨ ਜੋ ਹੈਸੀ, ਸੋਈ ਅਸਾਡੇ ਪੁਰਬ ਮਨਾਵਣ ਦਾ ਮੁਖ ਮੰਤਵ ਹੋਣਾ ਚਾਹੀਦਾ ਹੈ। ਆਓ ਜ਼ਰਾ ਵੀਚਾਰੀਏ ਕਿ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਤਾਂ ਕਿਸ ਕਾਰਨ ਕਰਕੇ ਆਏ ? ਕੀ ਉਹਨਾਂ ਦਾ ਆਵਣਾ ਚੁਰਾਸੀ ਦੇ ਜੀਵਾਂ ਵਤ ਸੀ? ਕੀ ਉਹਨਾਂ ਦਾ ਅਵਤਾਰ ਧਾਰਨ ਕਰਨਾ ਆਮ ਅਵਤਾਰਾਂ ਵਤ ਸੀ? ਨਹੀਂ । ਹਰਗਿਜ਼ ਨਹੀਂ ॥ ਸਤਿਗੁਰ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੇ ਪ੍ਰਯੋਜਨ ਦੀ ਅਲੌਕਿਕਤਾ ਅਤੇ ਵਿਲਖੱਣਤਾ ਹੇਠ ਲਿਖਿਆਂ ਗੁਰਵਾਕ ਇਸ ਬਿਧ ਗਾਂਵਦਾ ਹੈ ਅਤੇ ਗਾਂਉ ਕੇ ਨਿਰੂਪਣ ਕਰਾਉਂਦਾ ਹੈ। ਯਥਾ -

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥

(ਸੂਹੀ ਮ: ੫, ਪੰਨਾ ੭੪੯)

ਆਮ ਅਵਤਾਰਾਂ ਵਤ ਗੁਰੂ ਜੀ ਨਿਜ ਦੇ ਬਖੇੜਿਆਂ ਅਥਵਾ ਮਨ-ਮੰਨੀ ਚਸਕੇ-ਬਾਜ਼ੀਆਂ ਹਿਤ, ਜੁੱਧ ਜੰਗ ਦੇ ਦੰਗਲ-ਦੁਗਾੜੇ ਅਥਵਾ ਰਾਸ ਲੀਲਾ ਦੇ ਮੰਗਲ ਅਖਾੜੇ ਰਚਣ ਨਹੀਂ ਸਨ ਆਏ, ਨਾ ਹੀ ਹੋਰ


www.AKJ.Org

ਅਚਾਰਯਾਂ ਦੇ ਸੁਧਾਰਕਾਂ ਦੀ ਨਿਆਈ ਆਪਣੇ ਨਾਮ ਨੂੰ ਨਸ਼ਰ (ਪ੍ਰਸਿਧ) ਕਰਨ ਆਏ ਸਨ। ਸਤਿਗੁਰੂ ਨਾਨਕ ਦੇਵ ਜੀ ਆਏ ਤਾਂ ਪਰਉਪਕਾਰੀ ਆਏ, ਅਰਥਾਤ, ਪਰਉਪਕਾਰ ਹਿਤ ਆਏ। ਪਰਉਪਕਾਰ ਭੀ ਕਿਹੜਾ ! ਕਿ "ਜੀਅ ਦਾਨੁ ਦੇ ਭਗਤੀ ਲਾਇਨਿ"। ਨਾਮ ਰੂਪੀ ਸੱਚੇ ਧਨ ਦਾ ਸੱਚਾ ਆਤਮਿਕ ਦਾਨ ਦੇ ਕੇ ਸੰਸਾਰ ਭਰ ਦੇ ਪ੍ਰਾਣੀਆਂ ਨੂੰ ਭਗਤੀ ਵਿਖੇ ਲਾਵਣਾ ਗੁਰੂ ਜੀ ਦਾ ਪਰਉਪਕਾਰ ਸੀ। ਵਾਹ ! ਕਿਆ ਸੋਹਣਾ ਪਰਮ ਪਵਿੱਤਰ ਅਤੀ ਅਲੌਕਿਕ ਪਰਉਪਕਾਰ ਹੈ। ਇਹ ਗੁਰਮਤਿ ਪਰਉਪਕਾਰ ਹੈ। ਇਹ ਗੁਰਮਤਿ ਪਰਉਪਕਾਰ ਦਾ ਸੱਚਾ ਸਰੂਪ ਹੈ। ਦਾਨ ਭੀ ਜੀਅ ਦਾਨ, ਨਾਮ ਰੂਪੀ ਸੱਚੇ ਧਨ ਦਾ ਅਖੁਟ ਆਤਮਿਕ ਦਾਨ, ਲੋਕ ਪਰਲੋਕ ਵਿਖੇ ਸੰਗ ਸਾਥ ਨਿਭਣ ਵਾਲਾ ਪਰਮਾਰਥੀ ਦਾਨ। ਜੈਸਾ ਕਿ-

ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ ॥੨॥੭॥ (ਪੰਨਾ੫੧੧)

ਗੁਰਵਾਕ ਦੇ ਆਸ਼ੇ ਤੋਂ ਸਿਧ ਹੈ। ਇਸ ਦੈਵੀ ਦਾਨ ਦੁਆਰਾ ਭਗਤੀ ਦੇ ਪ੍ਰੇਮ-ਰਸ ਵਿਚ ਪਾਗ ਕੇ (ਗਲੇਫ ਕੇ) ਪ੍ਰਾਣੀਆਂ ਦਾ ਉਧਾਰ ਕਰਨ ਦੇ ਕਾਰਨ ਗੁਰੂ ਜੀ ਦਾ ਉਪਕਾਰ ਇਕ ਪਰਮ-ਸ੍ਰੇਸ਼ਟ ਅਤੇ ਸਰਬੋਤਮ ਪਰਉਪਕਾਰ ਹੈ, ਜਿਹੜਾ ਕਿ ਕਿਸੇ ਪੀਰ ਪੈਗੰਬਰ, ਵਲੀ, ਔਲੀਏ ਅਥਵਾ ਅਵਤਾਰ ਤੋਂ ਨਹੀਂ ਬਣ ਆਇਆ। ਜੇ ਕੋਈ ਕਹੇ, "ਜੀਅ ਦਾਨੁ ਦੇ ਭਗਤੀ ਲਾਇਨਿ" ਰੂਪੀ ਪਰਉਪਕਾਰ ਤੋਂ ਪ੍ਰਾਣੀਆਂ ਨੂੰ ਗੁਰੂ ਜੀ ਨੇ ਪ੍ਰਾਪਤ ਕੀ ਕਰਾਇਆ? ਤਾਂ "ਹਰਿ ਸਿਉ ਲੈਨਿ ਮਿਲਾਏ" ਦਾ ਅਗਲੇਰਾ ਪਦਾ ਦਸਦਾ ਹੈ ਕਿ ਉਕਤ ਪ੍ਰੇਮਾ-ਭਗਤੀ ਰੂਪੀ ਪਰਉਪਕਾਰ ਦੁਆਰਾ ਗੁਰੂ ਜੀ ਨੇ ਪਰਮੇਸ਼ਰ-ਪ੍ਰਾਪਤੀ ਦੀ ਪਰਮ ਪਦਵੀ ਨੂੰ ਪੁਚਾਇਆ। ਇਸ ਪਰਮ ਪਦ ਦਾ ਪ੍ਰਾਣੀਆਂ ਪ੍ਰਤੀ ਪ੍ਰਕਾਸ਼ਣਾ, ਅਰਥਾਤ ਪ੍ਰਾਪਤ ਕਰਵਾਣਾ ਹੀ ਸ੍ਰੀ ਸਤਿਗੁਰੂ ਜੀ ਦੇ ਅਵਤਾਰ ਧਾਰਨ ਦਾ ਪਰਮ ਪਰਯੋਜਨ ਸੀ।

ਸੋ ਅਸਾਡੇ ਗੁਰਪੁਰਬ ਮਨਾਵਣ ਦਾ ਮੁਖ ਮਨੋਰਥ ਭੀ ਇਹੋ ਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਜੀ ਦੇ ਆਗਮਨ ਦੇ ਪਰਮ ਪਰਯੋਜਨ ਨੂੰ ਪ੍ਰੇਮ ਪੂਰਬਕ ਯਾਦ ਕਰਦੇ ਹੋਏ ਪ੍ਰੇਮਾ-ਭਗਤੀ ਵਿਖੇ ਲੀਨ ਹੋਈਏ ਤੇ ਹਰਿ-ਪ੍ਰੀਤਮ ਦੇ ਮਿਲਾਪ ਦੇ ਪਰਮ ਪਦ ਦੀ ਪ੍ਰਾਪਤੀ ਹੋਵੇ। ਬਸ ਗੁਰਾਂ ਦੇ ਪਾਏ ਇਨ੍ਹਾਂ ਪਰਮਾਰਥੀ ਪੂਰਨਿਆਂ ਅਨੁਸਾਰ ਪਰਸਪਰ ਮਿਲ ਕੇ ਪ੍ਰੇਮ ਕਰਨਾ ਗੁਰਪੁਰਬ ਮਨਾਵਣ ਦਾ ਅਸਲ ਅਤੇ ਪੂਰਨ ਤਾਤਪਰਜ ਹੈ। ਇਹੋ ਹੀ ਗੁਰੂ ਜੀ ਦੇ ਪਰਉਪਕਾਰ ਯਾਦ ਕਰਨਾ ਹੈ। ਇਸ ਬਿਧ ਭਾਉ-ਭਗਤੀ ਸਹਿਤ ਹੀ ਗੁਰਸਿਖਾਂ ਦਾ ਗੁਰਪੁਰਬ ਮਨਾਵਣਾ ਲੇਖੇ ਪੈਂਦਾ ਹੈ। ਤਦੇ ਹੀ ਤਾਂ ਭਾਈ ਗੁਰਦਾਸ ਜੀ ਨੇ ਗੁਰਪੁਰਬ ਮਨਾਵਣ-ਹਾਰਿਆਂ ਦੀ ਮਹਿਮਾ ਵਰਨਣ ਕੀਤੀ ਹੈ ਕਿ-

ਕੁਰਬਾਣੀ ਤਿਨਾ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥ (ਵਾਰ ੧੨, ਪਉੜੀ ੨)

ਬਸ, ਭਾਉ-ਭਗਤੀ ਦੇ ਰੰਗ ਵਿਚ ਮਾਣਿਆ ਗੁਰਪੁਰਬ ਹੀ ਪਰਵਾਨ ਪੈਂਦਾ ਹੈ। ਪਰੰਤੂ ਪੁਰਬ ਮਨਾਵਣ ਦਾ ਆਮ ਰਿਵਾਜ ਦਸਦਾ ਹੈ ਕਿ ਗੁਰਪੁਰਬ ਇਸ ਮਨੋਰਥ ਲਈ ਨਹੀਂ ਮਨਾਏ ਜਾਂਦੇ। ਜੇ ਇਉਂ ਮਨਾਏ ਜਾਣ ਤਾਂ ਗੁਰਾਂ ਦੇ ਐਨ ਓਸੇ ਵਕਤ ਉਥੇ ਜੋਤਿ ਸਰੂਪੀ ਪਰਤੱਖ ਦਰਸ਼ਨ-ਦਿਦਾਰੇ ਪ੍ਰਾਪਤ ਹੋਣ ਵਿਚ ਰੰਚਕ ਭੀ ਸੰਦੇਹ ਨਹੀਂ, ਜਿਸ ਜੋਤਿ ਨੂੰ ਜਗਾ ਕੇ ਅਤੇ ਜਿਸ ਦਿਬ-ਸਰੂਪ ਨੂੰ ਧਾਰਨ ਕਰ ਕੇ ਗੁਰੂ ਜੀ ਜਗਤ ਉਤੇ ਪਰਗਟ ਹੋਏ ਸਨ ਪਰੰਤੂ ਪ੍ਰਿਥਮ ਤਾਂ ਇਸ ਜੋਤਿ-ਪ੍ਰਕਾਸ਼ੀ-ਦਰਸ਼ਨ ਦੀ ਪ੍ਰਤੀਤ ਹੀ ਪ੍ਰਾਣੀ ਨੂੰ ਬਹੁਤ ਵਿਰਲੀ ਅਤੇ ਥੋੜ੍ਹੀ ਹੈ। ਇਸ ਪ੍ਰਤੀਤੀ ਬਿਹੂਣ ਭਗਤੀ ਕਦ ਪਰਵਾਣ ਪੈ ਸਕਦੀ ਹੈ? ਇਸ ਪ੍ਰਤੀਤ ਸੰਯੁਕਤ ਭਾਉ-ਭਗਤੀ ਕਰਨਾ ਅਤੇ ਗੁਰੂ ਦੇ ਗੁਣ ਗਾਵਣਾ ਹੀ ਥਾਉ ਪੈਂਦਾ ਹੈ। ਯਥਾ ਗੁਰਵਾਕ -

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ॥
ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥੩॥
(੪॥੪॥੧੧) ਸੂਹੀ ਮ: ੪, ਪੰਨਾ ੭੩੪)

ਜਿਨ੍ਹਾਂ ਨੂੰ ਦਰਸ਼ਨ ਦੀ ਪ੍ਰਤੀਤ ਹੀ ਨਹੀਂ, ਉਹਨਾਂ ਨੂੰ ਦਰਸ਼ਨ ਦੀ ਚਾਹ, ਦਰਸ਼ਨ ਦੀ ਸਿੱਕ ਭੀ ਨਹੀਂ। ਤਿਨ੍ਹਾਂ ਨੂੰ ਦਰਸ਼ਨ ਦੀ ਪ੍ਰਾਪਤੀ ਕਿਥੇ? ਤਿਨ੍ਹਾਂ ਦਾ ਗੁਰੂ ਗੁਣ ਗਾਵਣਾ, ਭਾਉ-ਭਗਤੀ ਕਮਾਵਣਾ ਅਤੇ

ਗੁਰਪੁਰਬ ਮਨਾਵਣਾ ਕਿਸ ਲੇਖੇ? ਦਰਸ਼ਨ ਦੇ ਇਸ ਸਿੱਕ-ਭਿੰਨੇ ਮਨੋਰਥ ਨੂੰ ਮੁਖ ਰਖੇ ਬਿਨਾਂ ਕਿਸੇ ਹੋਰ ਦੂਤੀ ਮਨੋਰਥ ਨੂੰ ਮੁਖ ਰਖ ਕੇ ਗੁਰਪੁਰਬ ਮਨਾਵਣਾ ਗੁਰੂ ਸੇਤੀ ਕਪਟ ਕਮਾਵਣਾ ਹੈ। ਕੀ ਇਹ ਕਪਟ ਨਹੀਂ? ਕਿ ਉਂਜ ਤਾਂ ਅੱਖੀਂ ਮੀਟ ਕੇ ਇਸ ਬਿਧ ਮਧੁਰ ਸੁਰ ਦੁਆਰਾ ਅਲਾਪਨ ਕੀਤਾ ਜਾਵੇ ਕਿ -

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ। (ਵਾਰ ੧, ਪਉੜੀ ੨੭)

ਪਰੰਤੂ ਗੁਰੂ ਦੇ ਜਗਤ ਵਿਖੇ ਚਾਨਣ ਕਰਨ ਵਾਲੇ ਦਰਸ਼ਨ, ਗੁਰੂ ਦੇ ਧੁੰਦ ਮਿਟਾਵਣ ਵਾਲੇ ਦਰਸ਼ਨ ਦੀ ਸਿੱਕ-ਭਿੰਨੀ ਪ੍ਰਤੀਤ ਭੀ ਨਾ ਉਪਜੀ ਹੋਵੇ। ਗੁਰਬਾਣੀ ਗਾਵਣਾ ਗੁਣ. ਦਾ ਗੁਣਾਨਵਾਦ ਕਰਨਾ ਹੈ। ਜੇ ਬਿਰਤੀ ਗੁਣਾ ਵਿਚ ਲੀਨ ਨਹੀਂ ਭੇਦ ਨਹੀਂ। ਭੇਦ ਹੈ ਤਾਂ ਗੁਣਾਨਵਾਦ ਕਰਨਹਾਰੇ ਦੀ ਬਿਰਤੀ ਕਰਕੇ ਹੈ। ਜੇ ਬਿਰਤੀ ਗੁਣਾਂ ਵਿਚ ਲੀਨ ਨਹੀਂ ਹੋਈ ਤਾਂ ਗੁਣੀ ਦੇ ਸਰੂਪ ਦੀ ਲਖਤਾ ਕਿਥੋਂ ? ਪਰੰਤੂ ਗੁਣ ਗਾਇਨ ਦੁਆਰਾ ਹੀ ਓੜਕ ਬਿਰਤੀ ਦੀ ਲੀਨਤਾ ਅਤੇ ਗੁਣੀ ਦੀ ਲਖਤਾ ਹੀ ਸੰਭਵ ਹੈ। ਇਹੋ ਤਾਂ ਗੁਰਬਾਣੀ ਅੰਦਰ ਚੁੰਬਕ ਸ਼ਕਤੀ ਵਾਲਾ ਅਸਰ ਹੈ। ਤਦ ਹੀ ਤਾਂ ਕਲੀਕਾਲ ਵਿਖੇ ਕੀਰਤਨ ਪਰਧਾਨ ਰਖਿਆ ਗਿਆ ਹੈ ਅਤੇ ਏਸੇ ਕਰਕੇ ਹੀ ਗੁਰੂ ਵਲੋਂ ਗੁਰਸਿਖ ਪ੍ਰਤੀ ਇਹ ਹੁਕਮ ਹੈ ਕਿ -

ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ॥੨॥੮੧॥ (ਪੰਨਾ ੬੨੯)

## ਜਾਗਤ ਜੋਤਿ ਦੇ ਦਰਸ਼ਨ-

ਪ੍ਰੀਤਮ ਦੇ ਪ੍ਰਕਾਸ਼ ਦੇ ਪਰਤਵ ਪ੍ਰਭਾਵ ਅਤੇ ਪ੍ਰਕਾਸ਼ ਦੀ ਜੋਤਿ ਦੇ ਪ੍ਰਤਾਪ ਕਰਕੇ ਜੋਤਿ-ਰਸ-ਭਿੰਨੇ ਅਤੇ ਦਰਸ-ਜੋਤਿ-ਭਿੰਨੜੇ ਲੋਇਣਾਂ ਅਗੇ ਉਜਿਆਰਾ ਹੈ। ਬਾਣੀ ਤੇ ਨਾਮ ਨਾਲ ਨੇਹੁ ਜੋੜਨ ਨਾਲ ਜੋਤਿ ਦੀ ਕਿਰਣ ਪ੍ਰਕਾਸ਼ ਪੈਂਦੀ ਹੈ ਅਤੇ ਫਿਰ ਜਿਉਂ ਜਿਉਂ ਇਹ ਨੇਹ ਵਧਦਾ ਜਾਂਦਾ ਹੈ ਤਿਉਂ ਤਿਉਂ ਜੋਤਿ ਵੀ ਪਸਰਦੀ ਜਾਂਦੀ ਹੈ। ਇਸ ਬਿਧ ਨਾਮ ਦੀ ਲਾਗ ਲਾ ਕੇ ਜੋਤਿ ਸਰੂਪ ਪਾਰਸ ਸਤਿਗੁਰ ਨੇ ਅਨੇਕਾਂ ਹੀ ਪ੍ਰਾਣੀਆਂ ਨੂੰ ਸੱਚੀ ਪ੍ਰਕਾਸ਼ ਸਰੂਪ ਜੋਤਿ ਦਾ ਉਜਿਆਰਾ ਬਖਸ਼ਿਆ ਅਤੇ ਹੁਣ ਭੀ ਬਖਸ਼ਣਹਾਰ ਹੈ। ਅਗਾਹਾਂ ਨੂੰ ਭੀ ਬਖਸ਼ਣ ਜੋਗ ਹੈ। ਉਸ ਸੱਚੀ ਜੋਤਿ ਦਾ, ਉਸ ਸੱਚੇ ਪ੍ਰਕਾਸ਼ ਦਾ ਜਿਨ੍ਹਾਂ ਨੂੰ ਉਜਿਆਰ ਨਹੀਂ ਹੋਇਆ, ਓਹ ਗੁਰਪੁਰਬ ਦਿਹਾੜੇ ਤਾ ਜੋਤਿ ਦਾ ਸੱਚਾ ਰੰਗ, ਮਜੀਠੀ ਰੰਗ ਚਾੜ੍ਹ ਲੈਣ । ਚਾੜ੍ਹਨ ਦਾ ਹੀਲਾ ਕਰਕੇ ਦੇਖ ਲੈਣ। ਹੋਰ ਨਹੀਂ ਤਾਂ ਨਾਮ ਨਾਲ ਹੀ ਨੇਹੁ ਲਗਾ ਕੇ ਪਰਤਿਆਂ ਲੈਣ; ਪਰ ਨਾਮ ਨਾਲ ਜੁਟਣ ਤੋਂ ਪਹਿਲਾਂ ਵਿਚਾਰ ਕੇ ਇਹ ਭੀ ਦੇਖ ਲੈਣ ਕਿ ਅਜਿਹੇ ਦੇਵੀ ਦਰਸ਼ਨਾਂ ਦੇ ਤਾਈਂ ਇਕ ਵਾਰ ਆਪਾ ਅਰਪਣਾ ਜ਼ਰੂਰ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਆਪਣੇ ਗੁਰਮੁਖ ਪਿਆਰਿਆਂ ਅਤੇ ਭਾਣੇ ਅੰਦਰ ਆਇਆਂ ਨਾਮ ਦੇ ਸੇਵਨਹਾਰੇ ਸਿਖ-ਸੇਵਕਾਂ ਨੂੰ ਸਾਂਵੇ ਹੀ ਪਰਗਟ ਹਨ। ਗੁਰਪੁਰਬ ਦਾ ਦਿਨ ਤਾਂ ਤਿਨ੍ਹਾਂ ਸੁਹਾਗਵੰਤੇ ਸੁਰਜਨਾਂ ਦੇ ਸਮੀਪੀ ਮਿਲਾਪ ਦਾ ਦਿਹਾੜਾ ਹੈ, ਜੋ ਭਾਉ-ਭਗਤੀ ਦੇ ਵਿਚ ਗੀਧੇ ਹੋਏ ਸਤਿਗੁਰੂ ਨਾਨਕ ਦੇਵ ਦੇ ਓਸ ਦੈਵੀ ਦਰਸ਼ਨ ਨੂੰ ਸਿੱਕਾਂ ਭਰੀ ਲਿਵਤਾਰ ਸਹਿਤ ਲੋਚ ਰਹੇ ਹਨ, ਜਿਸ ਝਲਕਾਰ ਨੇ ਬਿਜਲੀ ਵਾਲਾ ਚਮਤਕਾਰ ਸੂਰਜ ਮੁਖ ਫੂਲ ਵਤ ਪ੍ਰਕਾਸ਼ ਦੇ ਦਰਸ਼ਨ-ਅਧਿਕਾਰੀ ਪ੍ਰੇਮੀਆਂ ਨੂੰ ਇਕ ਵਾਰ ਫਿਰ ਨਿਖਰਵਾਂ ਕਰ ਕੇ ਅਤੇ ਨਿਖਾਰ ਕੇ ਦਿਖਾ ਦੇਣਾ ਹੈ। ਪਰੰਤੂ ਤਿਮਰ ਅਗਿਆਨੀ ਦੀ ਘੁੱਗੂ ਦ੍ਰਿਸ਼ਟੀ ਨੇ ਅਗੇ ਵਾਂਗੂ ਚੁੰਧਿਆ ਜਾਣਾ ਹੈ ਅਤੇ ਚੁੰਧਿਆਏ ਹੀ ਰਹਿਣਾ ਹੈ। ------

*"ਇਸ ਵਿਚ ਸੰਦੇਹ ਨਹੀਂ ਕਿ ਸਤਿਗੁਰੂ ਦਾ ਹਰ ਇਕ ਹੁਕਮ ਕਮਾਵਣਾ ਹੀ ਗੁਰੂ ਕੀ ਰਹਿਤ ਦੀ ਪਾਲਣਾ ਹੈ ਅਤੇ ਸਭ ਤੋਂ ਮੁਖੀ ਹੁਕਮ ਨਾਮ-ਅਭਿਆਸ ਕਮਾਈ ਕਰਨਾ ਹੈ ਪਰ ਗੁਰੂ ਕੀ ਰਹਿਤ ਨਾਮ ਅਭਿਆਸ ਦੇ ਸਾਧਨਾਂ ਦੇ ਸਹਾਈ ਕਰਮ, ਪਰਮਾਰਥ ਐਂਜੀ ਕਰਮ ਹਨ। ਜੋ ਬੰਦੇ ਛੋਟੇ ਹੁਕਮਾਂ ਦੇ ਕਾਇਲ ਅਤੇ ਧਾਰਨੀ ਨਹੀਂ ਹੋ ਸਕਦੇ ਉਹ ਐਡੇ ਹੁਕਮ ਕਮਾਵਣ ਦੇ ਧਾਰਨੀ ਕਿਸ ਤਰ੍ਹਾਂ ਹੋ ਸਕਦੇ ਹਨ? ਅਤੇ ਜੀਹਨਾਂ ਨੇ ਐਡੇ ਵੱਡੇ ਹੁਕਮ 'ਨਾਮ' ਨੂੰ ਕਮਾਵਣ ਦੀ ਡੀਂਗ ਮਾਰੀ ਹੈ। ਉਹਨਾਂ ਨੂੰ ਰਹਿਤ ਬਹਿਤ ਰੱਖਣ ਵਿਚ ਦੱਸੋ ਕੀ ਵੱਢ ਪੈਂਦੀ ਹੈ?"* ਪੁਸਤਕ "ਅੰਮ੍ਰਿਤ ਕਲਾ" ਕ੍ਰਿਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਿਚੋਂ



www.AKJ.Org

# ਗੁਰੂ ਨਾਨਕ ਦੀ 'ਕੁਦਰਤਿ'

(ਪ੍ਰੋ: ਲਾਜਿੰਦਰ ਸਿੰਘ)

ਪੰਦਰ੍ਹਵੀ ਸਦੀ ਦੇ ਸਤਵੇਂ ਦਹਾਕੇ ਵਿਚ ਮਨੁੱਖੀ ਇਤਿਹਾਸ ਵਿਚ ਇਕ ਬਹੁਤ ਵੱਡਾ ਕ੍ਰਿਸ਼ਮਾ ਹੋਇਆ। ਗੁਰੂ ਨਾਨਕ ਦਾ ਜਨਮ ਸਚਮੁਚ ਇਕ ਕ੍ਰਿਸ਼ਮਾ ਸੀ, ਮਨੁੱਖ ਦੀ ਸ਼ੈਤਾਂਨ ਉਤੇ ਜਿੱਤ ਸੀ। ਗੁਰੂ ਨਾਨਕ ਸੱਚ ਦੀ ਲਾਟ, ਅਣਖ ਦੀ ਮੂਰਤੀ, ਪ੍ਰੇਮ ਦਾ ਰੂਪ ਅਤੇ ਆਜ਼ਾਦੀ ਦਾ ਆਲੰਬਰਦਾਰ ਸੀ। ''ਉਹ ਇਕ ਸੂਰਜ ਸੀ ਜਿਸਦੇ ਪ੍ਰਕਾਸ਼ ਨੇ ਝਟ ਧੁੰਧ ਮਿਟਾ ਦਿਤੀ ਸੀ ਤੇ ਚਾਨਣ ਜਿਸਦਾ ਚੁਫੇਰੇ ਪਸਰ ਗਿਆ ਸੀ।''

ਗੁਰੂ ਨਾਨਕ ਇਕ ਸੋਮਾ ਸੀ ਨਾਮ, ਸੱਚ ਤੇ ਆਜ਼ਾਦੀ ਦੇ ਪਾਣੀਆਂ ਦਾ। ਇਹ ਜੀਵਨ ਇਕ ਸੁਨਿਹਰੀ ਮੌਕਾ ਹੈ - ਨਾਮ ਜਪਣ, ਵੰਡ ਛਕਣ ਤੇ ਧਰਮ ਦੀ ਕਿਰਤ ਕਰਨ ਵਾਸਤੇ। ਜਿਸ ਵੇਲੇ ਨੂੰ ਪਛਾਣ ਲਿਆ, ਵਕਤ ਦੀ ਪੁਕਾਰ ਨੂੰ ਸਮਝ ਲਿਆ, ਉਸਨੂੰ ਜੀਵਨ ਮਨੋਰਥ ਪਤਾ ਲਗ ਗਿਆ। ਗੁਰੂ ਨਾਨਕ ਇਕ ਚੇਤਾਵਨੀ ਸੀ, ਇਕ ਚਨੌਤੀ ਸੀ ਕੁਧਰਮ ਵਾਸਤੇ। ਉਹ ਆਚਾਰ ਦੀ ਹੋਂਦ ਸੀ, ਅੰਮ੍ਰਿਤ ਦਾ ਨਕੋ ਨੱਕ ਭਰਿਆ ਪਿਆਲਾ ਸੀ ਜੋ 'ਅਮਰ, ਅਮਿੱਟ' ਜ਼ਿੰਦਗੀ ਬਖ਼ਸ਼ਦਾ ਸੀ।

ਅੰਮ੍ਰਿਤ ਵੇਲੇ ਪੂਰਬ ਦੀ ਬੁੱਕਲ ਵਿਚੋਂ ਦਿਸ਼ਾ ਨੂੰ ਪਿਆਰਦੀ, ਪਲੋਸਦੀ ਸੂਰਜ ਦੀ ਟਿੱਕੀ ਕਿਸੇ ਨਵੀਂ ਵਿਆਹੀ ਦੁਲਹਨ ਵਾਂਗ ਚੁਫੇਰੇ ਰੰਗ ਤੇ ਹੁਸਨ ਖਿਲੇਰਦੀ ਮਨੁੱਖੀ ਆਤਮਾ ਵਿਚ ਲੁਕੀਆਂ ਸੂਰਜ-ਕਿਰ਼ਨਾਂ ਨਾਲ ਸਪਰਸ਼ ਕਰਕੇ ਸਾਰੀ ਹੋਂਦ ਨੂੰ ਝੰਜੋੜ ਕੇ ਕਿਸੇ ਨਵੀਂ ਚੇਤੰਨਤਾ ਨਾਲ ਭਰਪੂਰ ਕਰ ਦਿੰਦੀ ਹੈ। ਪੰਛੀਆਂ ਦਾ ਰਲਵਾਂ-ਮਿਲਵਾਂ ਸੰਗੀਤ, ਹਵਾਵਾਂ ਦੀ ਸ਼ਾਂ-ਸ਼ਾਂ, ਪਤਿਆਂ ਦੀ ਖੜ-ਖੜ, ਨਦੀਆਂ, ਦਰਿਆਵਾਂ ਦੀ ਰਵਾਨਗੀ, ਪਪੀਹੇ ਦੀ ਪੀਊ-ਪੀਊ, ਭੌਰਿਆਂ ਦੀ ਭੂੰ-ਭੂੰ ਸਭਨਾ ਵਿਚ ਖੇੜਾ ਹੈ। ਸਚਮੁਚ ਬੜਾ ਹੁਸੀਨ ਹੈ ਸਾਡਾ ਆਲਾ-ਦੁਆਲਾ। ਕੁਦਰਤ ਨੇ ਕਣ ਕਣ ਮਲਿਆ ਹੋਇਆ ਹੈ, ਜ਼ਰੇ ਜ਼ਰੇ ਵਿਚ ਇਸ ਦਾ ਵਾਸਾ ਹੈ। ਫੁਲਾਂ ਦੀ ਖੁਸ਼ਬੂ ਵਿਚ, ਪੱਤਿਆਂ ਦੀ ਹਰਿਆਵਲ ਵਿਚ, ਫਲਾਂ ਦੇ ਗੁੱਛਿਆਂ ਵਿਚ, ਮੈਦਾਨਾਂ ਦੇ ਖਿਲਾਰ ਵਿਚ, ਪੰਛੀਆਂ ਦੀ ਚਹਚਹਾ ਵਿਚ, ਮਨੁੱਖ ਦੀ ਤ੍ਰਬਕ ਵਿਚ ਕੁਦਰਤ ਦਾ ਵਾਸਾ ਹੈ, ਇੱਕ ਅਦ੍ਰਿਸ਼ਟ ਹੋਂਦ ਹੈ ਜੋ ਸਾਰੇ ਕਰਮਾਂ ਤੇ ਪ੍ਰਤੀਕਰਮਾਂ ਦਾ ਕਾਰਨ ਹੈ।

ਗੁਰੂ ਨਾਨਕ ਇਕ ਮਹਾਨ ਕਵੀ ਸੀ ਜਿਸ ਕੁਦਰਤਿ ਨੂੰ ਬੜੇ ਨੇੜਿਉਂ ਤਕਿਆ, ਉਸ ਨੂੰ ਮਾਣਿਆ, ਉਸ ਨਾਲ ਸਾਂਝ ਪਾਈ ਫਿਰ ਉਸ ਨੂੰ ਆਪਣੀ ਕਵਿਤਾ ਵਿਚ ਬਿਆਨਿਆ। ਏਨੇ ਵਡੇ ਪਸਾਰੇ ਵਿਚੋਂ ਗੁਰੂ ਨਾਨਕ ਨੂੰ ਰੱਬੀ ਜਲਵਾ ਦਿਸਿਆ, ਰੂਹਾਨੀ ਨੂਰ ਦਿਸਿਆ, ਉਸ ਵਿਚੋਂ ਵੇਖਿਆ ਕਾਦਰ ਨੂੰ, ਕੁਦਰਤ ਸਾਜਣ ਵਾਲੇ ਕਰਤਾਰ ਨੂੰ, ਨਿਰੰਕਾਰ ਨੂੰ ਜੋ ਦਿਸਦਾ, ਸੁਣਦਾ ਹੈ। ਪੈਦਾ ਕਰਨ ਵਾਲਾ ਉਹ ਪਰਮਾਤਮਾ ਆਪ ਹੈ

''ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥'' (ਆਸਾ ਦੀ ਵਾਰ ੪੬੩)

''ਵਾਹੁ ਖਸਮ ਤੂ ਵਾਹੁਜਿਨਿ ਰਚਿ ਰਚਨਾ ਹਮ ਕੀਏ॥
ਸਾਗਰ ਲਹਰਿ ਸਮੁੰਦਸਰ ਵੇਲਿ ਵਰਸ ਵਰਾਹੁ॥'' (ਸੂਹੀ ਰਾਗੁ (ਸਲੋਕ)

ਸਾਜਣ ਵਾਲਾ ਉਹ ਪਰਮਾਤਮਾ ਹੈ। ਅੰਬਰ, ਧਰਤੀ ਉਤੇ ਇਕ ਚੰਦੋਏ ਦੀ ਨਿਆਈਂ ਹੈ, ਸਾਰਾ ਗਗਨ ਬਿਨ੍ਹਾਂ ਕਿਸੇ ਸਹਾਰੇ ਖੜਾ ਹੈ। ਅੰਡਜ, ਜੇਰਜ ਸੇਤਜ ਉਤਭਜ ਖਾਣੀਆਂ ਦਾ ਜਨਮ ਦਾਤਾ ਉਹ ਆਪ ਹੈ। ਸੰਭਾਲ ਵੀ ਆਪ ਹੀ ਕਰਦਾ ਹੈ।

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥ ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਂਹ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥ ਆਸਾ ਰਾਗੁ ਵਾਰ ਸਲੋਕ (੪੬੭)

ਮਾਰੂ ਰਾਗ ਵਿਚ ਬੇਅੰਤ ਰਵਾਨਗੀ ਨਾਲ ਗੁਰੂ ਨਾਨਕ ਰਬ ਨੂੰ ਕੁਦਰਤ ਵਿਚ ਵੇਖਦਾ ਹੈ। ਉਹ ਫੁਲ, ਭਉਰੇ, ਮਛਲੀ ਜਲ, ਦਿਨ-ਰਾਤ ਵਿਚ ਹੈ। ਏਸੇ ਕਾਰ ਨੂੰ ਜਦੋਂ ਉਹ ਪਉਣ ਪਾਣੀ, ਸੰਜੋਗ ਵਿਜੋਗ,



www.AKJ.Org

ਫਲ ਫੁਲ, ਜੰਮਣਾ, ਮਰਣਾ ਵੇਖਦਾ ਹੈ ਤਾਂ ਉਸ ਦਾ ਮਥਾ ਆਪਣੇ ਪ੍ਰੀਤਮ ਦੇ ਦਰ ਤੇ ਝੁਕ ਜਾਂਦਾ ਹੈ। ਸਭ ਕੁਛ ਵੇਖ ਕੇ ਗੁਰੂ ਨਾਨਕ ਵਜਦ ਚ ਆ ਕੇ ਗਾ ਉਠਦਾ ਹੈ:-

"ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥
ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥
ਫੇਰ :- ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
(ਆਸਾ ਰਾਗੁ ਵਾਰ ॥੨॥੬॥ (੪੬੩-੪)

ਵੇਖ ਕੇ ਵਜਦ 'ਚ ਆ ਜਾਣਾ ਗੁਰੂ ਨਾਨਕ ਲਈ ਕੁਦਰਤੀ ਹੈ। ਕਿਉਂਕਿ ਕੁਦਰਤ ਰੱਬ ਹੈ ਤੇ ਰੱਬ ਕੁਦਰਤ ਤੇ ਰੱਬ ਇੱਕ ਸੱਚੀ ਹੋਂਦ ਹੈ। ਏਸੇ ਕਾਰਣ ਕਾਦਰ ਦੀ ਕੁਦਰਤ ਦਾ ਹਰ ਜਲਵਾ ਸੱਚ ਦਾ ਇੱਕ ਬਿਆਨ ਹੈ। ਇਹ ਨਾਸ਼ਵੰਤ ਨਹੀਂ, ਇਹ ਅਸਥਿਰ ਨਹੀਂ, ਇਹ ਕੋਈ ਸੁਪਨਾ, ਪ੍ਰਛਾਵਾਂ ਨਹੀਂ, ਇਕ ਚੇਤੰਨ ਹਸਤੀ ਦੀ ਚੇਤੰਨ ਤੇ ਅਰਥ ਭਰਪੂਰ ਘਾੜਤ ਹੈ। ਅੱਜ ਦੇ ਵਿਗਿਆਨ ਨੇ ਵੀ ਇਸ ਸਚਾਈ ਦੀ ਪ੍ਰੋੜ੍ਹਤਾ ਕੀਤੀ ਹੈ। ਇਸੇ ਕਾਰਣ ਗੁਰੂ ਨਾਨਕ ਦੀ ਕੁਦਰਤ ਸੱਚ ਹੈ, ਪਸਾਰਾ ਸੱਚ ਹੈ, ਪ੍ਰਭੂ ਦਾ ਹੁਕਮ ਸੱਚ ਹੈ ਤੇ ਸਾਰੇ ਜੀਅ ਇਸ ਨੂੰ ਸੱਚ ਕਰਕੇ ਹੀ ਮੰਨਦੇ ਹਨ :-

"ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥
ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥ (ਜਪੁਜੀ, ੩੨)

'ਭੈ' ਵਿਚ ਤੁਰਦੀ ਕਾਇਨਾਤ ਦਾ ਜਨਮ ਕੀਕਣ ਤੇ ਕਿਵੇਂ ਹੋਇਆ ? ਇਹ ਇਕ ਅਜਿਹਾ ਪ੍ਰਸ਼ਨ ਹੈ ਜਿਸਦਾ ਉਤਰ ਦਿੱਤਾ ਨਹੀਂ ਜਾ ਸਕਦਾ। ਸਿਆਣਿਆਂ ਨੇ ਕਿਆਸ ਲਾਏ ਹਨ ਤੇ ਵਖ ਵਖ ਸਮੇਂ ਮਿਥੇ ਹਨ, ਪਰ ਗੁਰੂ ਨਾਨਕ ਕਿਆਸ ਲਾਉਣ ਤੋਂ ਵੀ ਝਿਜਕਦਾ ਹੈ ਕਿਉਕਿ ਅਨੰਤ ਬ੍ਰਹਿਮੰਡ ਦੀ ਉਤਪਤੀ ਬਾਰੇ ਕਿਹਾ ਜਾ ਸਕਦਾ ਹੀ ਨਹੀਂ। ਕੁਝ ਕਹਿਣਾ ਅਸਲ ਵਿਚ "ਬੋਲ ਵਿਗਾੜ" ਹੋਵੇਗਾ ਤੇ ਕਹਿਣ ਵਾਲੇ ਨੂੰ "ਗਾਵਾਰਾ ਗਾਵਾਰ" ਕਿਹਾ ਜਾਵੇਗਾ। ਗਿਆਨ ਵਿਚ ਸਭ ਤੋਂ ਵੱਡੀ ਸਿਫਤ ਇਹ ਹੈ ਕਿ ਗਿਆਨਵਾਨ ਮਨੁੱਖ ਕਦੀ ਆਪਣੇ ਆਪ ਨੂੰ ਪੂਰਨ ਨਹੀਂ ਸਮਝਦਾ, ਗਲਤ ਗਲ ਨਹੀਂ ਕਰਦਾ, ਤੇ ਹਰ ਸਮੇਂ ਯਤਨ ਵਿਚ ਰਹਿੰਦਾ ਹੈ ਨਵੀਂਆਂ ਸਚਾਈਆਂ ਦੇ ਲਭਣ ਵਿਚ। ਉਸ ਵਿਚ ਮਾਣ ਨਹੀਂ ਆਉਂਦਾ। ਗਿਆਨ ਦੀ ਲੱਭੀ ਹਰ ਕੜੀ ਉਸ ਨੂੰ ਚੇਤੰਨ ਕਰ ਦਿੰਦੀ ਹੈ। ਫੇਰ ਸਾਰੀਆਂ ਸਚਿਆਈਆਂ ਦੇ ਜਿਨ੍ਹਾਂ ਬਾਰੇ ਉਸ ਨੂੰ ਅਜੇ ਗਿਆਨ ਨਹੀਂ ਹੋਇਆ। "ਰੱਬ ਦੀ ਸ਼ਕਤੀ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ"। ਕੁਦਰਤ ਦਾ ਜਨਮ ਹੋਇਆ ਕਦੋਂ? ਜਪੁਜੀ ਵਿਚ ਗੁਰੂ ਨਾਨਕ ਲਿਖਦੇ ਹਨ :-

"ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥ (ਜਪੁਜੀ, ੨੧)

ਕੁਦਰਤ ਗੁਰੂ ਨਾਨਕ ਵਾਸਤੇ ਰੱਬ ਦਾ ਰੂਪ ਹੈ, ਪਰਮਾਤਮਾ ਦਾ ਸਰੂਪ ਹੈ, ਕਰਤੇ ਦੀ ਖੇਡ ਹੈ। ਕੁਦਰਤ ਉਸ ਬਣਾਈ ਹੈ ਤੇ ਉਸ ਦੀ ਆਪਣੀ ਹੋਂਦ ਦਾ ਵੀ ਪ੍ਰਮਾਣ ਹੈ। ਉਹ ਕੁਦਰਤ ਜਿਡਾ ਵਿਸ਼ਾਲ, ਕੁਦਰਤ ਜਿਡਾ ਲਾਪਰਵਾਹ, ਕੁਦਰਤ ਜਿੰਨਾ ਅਨੰਤ, ਕੁਦਰਤ ਜਿੰਨਾ ਹੁਸੀਨ, ਕੁਦਰਤ ਜਿੰਨਾ ਮਿੱਠਾ ਹੈ। ਜੀਕਣ ਕੁਦਰਤ ਸਾਰੇ ਬ੍ਰਹਿਮੰਡ ਵਿਚ ਹੈ ਇਸ ਤਰ੍ਹਾਂ ਹੀ ਪਰਮਾਤਮਾ ਆਪ ਸਾਰੇ ਬ੍ਰਹਿਮੰਡ ਦੇ ਕਣ ਕਣ ਵਿਚ ਰਚਿਆ ਹੋਇਆ ਹੈ।

ਤੁਖਾਰੀ ਰਾਗ ਵਿਚ ਲਿਖੇ ਬਾਰਹਮਾਹ ਦੇ ਆਰੰਭ ਵਿਚ ਪਪੀਹੇ ਦੀ ਪੀ ਪੀ ਤੇ ਕੋਇਲ ਦੀ ਪਿਆਰ ਬੋਲੀ ਸਾਡੇ ਕੰਨਾਂ ਵਿਚ ਪੈਣੀ ਸ਼ੁਰੂ ਹੋ ਜਾਂਦੀ ਹੈ। ਇਹ ਤੜਪ ਕੁਦਰਤ ਦੇ ਜੀਆਂ ਦੀ ਤੜਪ ਹੀ ਨਹੀਂ ਬਲਕਿ ਗੁਰੂ ਨਾਨਕ ਦੇ ਮਨ ਅੰਦਰਲੀ ਬੇਚੈਨੀ ਹੈ ਜਿਹੜੀ ਵਿਛੋੜੇ ਤੋਂ ਉਤਪੰਨ ਹੋਈ ਹੈ। ਮੋਹਲੇਧਾਰ ਮੀਂਹ ਪੈਂਦਾ ਹੈ, ਉਸਦੀਆਂ ਬੂੰਦਾਂ ਬੜੀਆਂ ਦਿਲ ਲੁਭਾਵਣੀਆਂ ਹਨ। ਦਿਲ ਨੂੰ ਪ੍ਰਸੰਨ ਤਾਂ ਹੀ ਕਰਦੀਆਂ ਹਨ ਕਿਉਂਕਿ ਸਹਿਜ ਸੁਭਾਅ ਪ੍ਰੀਤਮ ਘਰ ਆ ਵੜਿਆ ਹੈ। ਸਭ ਨੁਕਰਾਂ ਚਹਿਕ ਪਈਆਂ ਹਨ। ਖੁਸ਼ੀਆਂ ਦਾ



www.AKJ.Org

ਨਾਚ ਹੋਣ ਲੱਗ ਪਿਆ ਹੈ। ਕਾਲੇ ਬੱਦਲ ਚਾਰੇ ਪਾਸੇ ਪਸਰੇ ਹੋਏ ਹਨ, ਮੌਸਮ ਹੋਰ ਵੀ ਦਿਲ ਖਿਚਵਾਂ ਹੋ ਗਿਆ ਹੈ ਕਿਉਂਕਿ ਪਤੀ ਪਰਮੇਸ਼ਰ ਨਾਲ ਮੇਲ ਜੁ ਹੋ ਗਿਆ ਹੈ। ਇਸ ਤਰ੍ਹਾਂ ਮਾਨਸਿਕ ਦਸ਼ਾ ਨੂੰ, ਪ੍ਰਾਪਤੀ, ਅਪ੍ਰਾਪਤੀ ਨੂੰ ਕੁਦਰਤ ਦਾ ਸਹਾਰਾ ਲੈ ਕੇ ਗੁਰੂ ਨਾਨਕ ਨੇ ਲਿਖਿਆ ਹੈ।

ਬਾਰਾਂ ਮਹੀਨਿਆਂ ਨੂੰ ਪੜ੍ਹ ਕੇ ਸਾਨੂੰ ਪਤਾ ਲਗ ਜਾਂਦਾ ਹੈ ਕਿ ਇਨ੍ਹਾਂ ਦਿਨਾਂ 'ਚ ਮੌਸਮ ਕੀ ਹੁੰਦਾ ਹੈ, ਤਾਪਮਾਨ ਕੀ ਹੁੰਦਾ ਹੈ, ਕਿਹੜੇ ਕਿਹੜੇ ਪਸ਼ੂ ਤੇ ਪੰਛੀ ਦਿਸਦੇ ਹਨ ਤੇ ਤਿਨ੍ਹਾਂ ਦੇ ਕਿਤੇ ਕੀ ਹਨ। ਮਹੀਨਿਆਂ ਦੇ ਲੰਘਣ ਨਾਲ ਮਨੁਖੀ ਜੀਵਨ ਕੀਕਣ ਬਦਲਦਾ ਹੈ। ਗੁਰੂ ਨਾਨਕ ਆਪਣੇ ਮਨ ਦੀ ਦਸ਼ਾ ਨੂੰ ਬਾਹਰਲੀ ਕੁਦਰਤ ਨਾਲ ਮੇਲਦਾ ਹੈ, ਉਸ ਪਿਛੋਂ ਗਿਲਾ ਵੀ ਕਰਦਾ ਹੈ ਆਪਣੀ ਉਦਾਸੀ ਦਾ ਕਾਰਣ ਵੀ ਦਸਦਾ ਹੈ। ਬਾਹਰਲੀ ਕੁਦਰਤ ਦੁਨੀਆਂ, ਪ੍ਰੀਤ-ਕਲਾਵੇ ਉਸ ਨੂੰ ਕਿਸ ਘਾਟ ਪ੍ਰਤੀ ਚੇਤੰਨ ਕਰ ਦਿੰਦੇ ਹਨ ਉਹ ਹੱਥ ਬੰਨ੍ਹ ਅਰਜ਼ੋਈਆਂ ਕਰਨੀਆਂ ਆਰੰਭ ਕਰ ਦੇਂਦਾ ਹੈ ਉਹ ਵੀ ਕੁਦਰਤ ਵਾਂਗੁ ਝਟਪਟ ਖਿੜ ਜਾਵੇਗਾ ਜੇ ਉਸ ਦੀ ਭਾਲ ਥਾਇਂ ਪੈ ਗਈ ਤਾਂ। ਇਸ ਤਰ੍ਹਾਂ ਜਦੋਂ ਸਹਿਜ ਸੁਭਾਅ ਹੀ ਪ੍ਰੀਤਮ ਨਾਲ ਮੇਲ ਹੋ ਜਾਂਦਾ ਹੈ ਬਾਰਾਂ ਮਹੀਨੇ, ਛੇ ਰੁੱਤਾਂ, ਪੰਦਰਾਂ ਥਿਤੀਆਂ, ਸਤੇ ਦਿਨ ਤੇ ਘੜੀ, ਮਹੂਰਤ, ਪਲ ਸਭ ਕੁਝ ਚੰਗੇ ਹੋ ਜਾਂਦੇ ਹਨ। ਸਮਾਂ ਸਫਲ ਹੋ ਜਾਂਦਾ ਹੈ। ਉਸ ਨੂੰ ਮਿਲਣ ਨਾਲ ਕਾਰਜ ਸਿਧ ਹੋ ਜਾਂਦੇ ਹਨ। ਉਹ ਜਾਨਣਹਾਰ ਪ੍ਰਭੂ ਪ੍ਰਵੀਨ ਹੈ। ਜਿਨ੍ਹਾਂ ਜੀਵ ਇਸਤਰੀਆਂ ਨੇ ਸ਼ੁਭ ਗੁਣਾਂ ਤੇ ਚੰਗੇ ਆਚਰਣ ਦੇ ਜ਼ੋਰ ਨਾਲ ਆਪਣਾ ਸ਼ਿਗਾਰ ਕੀਤਾ ਹੈ ਉਹ ਪ੍ਰੀਤਮ ਨੂੰ ਪਿਆਰੀਆਂ ਲਗ ਗਈਆਂ ਹਨ। ਉਨ੍ਹਾਂ ਦਾ ਸਾਰਾ ਜੀਵਨ ਖੇੜਿਆਂ ਭਰਪੂਰ ਹੋ ਗਿਆ ਹੈ, ਉਨ੍ਹਾਂ ਦਾ ਸੁਹਾਗ ਸਥਿਰ ਹੋ ਗਿਆ ਹੈ :-

"ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥
ਘੜੀ ਮੂਰਤ ਪਲ ਸਾਚੇ ਆਏ ਸਹਿਜ ਮਿਲੇ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ॥
ਜਿਨਿ ਸਿਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗ ਮਾਣੈ॥
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ॥
ਨਾਨਕ ਅਹਿਨਿਸ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ॥੧੭॥੧॥

(ਤੁਖਾਰੀ ਰਾਗੁ (ਬਾਰਹਮਾਹਾ)੧੧੧੦

ਗੁਰੂ ਨਾਨਕ ਇਕ ਸਿਆਣਾ ਉਸਤਾਦ ਹੈ ਜੋ ਆਪਣੀ ਕਲਾ ਦਾ ਸਦ ਉਪਯੋਗ ਸਿਖਿਆ ਦੇਣ ਵੇਲੇ ਕਰਦਾ ਹੈ। ਕੁਦਰਤ ਦਾ ਗੀਤ ਗਾਂਦੇ ਗਾਂਦੇ ਉਸਨੂੰ ਮਨੁਖ ਦਾ ਚੇਤਾ ਆ ਜਾਂਦਾ ਹੈ ਤੇਂ ਸਹਿਜੇ ਸਹਿਜੇ ਨਿਕੀਆਂ ਨਿਕੀਆਂ ਗਲਾਂ ਨਾਲ ਵਡੇ ਵਡੇ ਦਾਰਸ਼ਨਿਕ, ਮਨੋਵਿਗਿਆਨਕ ਸਦਾਚਾਰਕ, ਭਾਈਚਾਰਕ, ਵਿਵਹਾਰਕ ਸਚ ਵਿਸਥਾਰ ਸਹਿਤ ਬਿਆਨ ਕੇ ਜੀਵਨ ਜੀਊਣਾ ਸਿਖਾਂਦਾ ਹੈ। ਗੁਰੂ ਨਾਨਕ ਦੀ ਕਠਿਨ ਤੋਂ ਕਠਿਨ ਗਲ ਲਈ ਵੀ ਉਪਮਾ ਕੁਦਰਤ ਵਿਚ ਮੌਜੂਦ ਹੈ। ਕੁਦਰਤ ਗੁਰੂ ਨਾਨਕ ਦਾ ਸਾਹ ਹੈ, ਗੁਰੂ ਨਾਨਕ ਦਾ ਇਸ਼ਟ ਹੈ, ਗੁਰੂ ਨਾਨਕ ਦੀ ਖੁਸ਼ੀ ਹੈ, ਗੁਰੂ ਨਾਨਕ ਦੀ ਰੂਹ ਦਾ ਹੁਸਨ ਹੈ।

ਇਕ ਕੁਦਰਤ ਦਾ ਕਵੀ ਹੋਣ ਦੇ ਨਾਤੇ ਗੁਰੂ ਨਾਨਕ ਦਾ ਸਥਾਨ ਬਹੁਤ ਹੀ ਉਚਾ ਤੇ ਵਿਲਖਣ ਹੈ। ਗੁਰੂ ਨਾਨਕ ਪਾਸ ਅਜਿਹਾ ਦਰਸ਼ਨ ਹੈ ਜਿਸਦੀ ਸਮਾਜਕ ਤੌਰ ਤੇ ਬੜੀ ਮਹਾਨਤਾ ਹੈ, ਉਸ ਪਾਸ ਨਿਰਣਾ ਕਰ ਸਕਣ ਵਾਲੀ ਨਿਰਮਲ ਬੁੱਧੀ ਹੈ। ਉਸ ਪਾਸ ਸੁਘੜਤਾ ਤੇ ਸੂਝਬੂਝ ਹੈ, ਸਹਿਜ ਗਿਆਨ ਤੇ ਅਨੁਭਵ ਹੈ। ਉਸਦੀ ਫਿਲਾਸਫ਼ੀ ਵਿਚ ਇਕਸਾਰਤਾ ਤੇ ਡੂੰਘਾਣ ਹੈ ਜੋ ਹਲੂਣਨ ਦੇ ਨਾਲ ਪ੍ਰਤੀਤ ਵੀ ਕਰਦੀ ਹੈ। ਉਸਦੀਆਂ ਸਦਾਚਾਰਕ ਕੀਮਤਾਂ ਸਿਧੀਆਂ ਮਨ ਵਿਚ ਖੁਭਦੀਆਂ ਹਨ ਤੇ ਅਸਰ ਢੇਰ ਚਿਰ ਤਕ ਦਿਮਾਗ ਤੇ ਰਹਿੰਦਾ ਹੈ। ਉਸ ਦੀ ਕਵਿਤਾ ਪੜ੍ਹ ਕੇ ਕਾਫੀ ਦੇਰ ਤੱਕ ਅਸੀਂ ਉਨ੍ਹਾਂ ਦੀਆਂ ਪ੍ਰਤੀਧਵੰਨੀਆਂ ਦਾ ਅਨੰਦ ਮਾਣਦੇ ਰਹਿੰਦੇ ਹਾਂ। ਉਸ ਦੀ ਕਵਿਤਾ ਵਿਚਲੀ ਉਚਤਾ ਤਕ ਪਹੁੰਚਣ ਪਰਾ-ਮਨੁਖੀ ਕੰਮ ਕਰਨ ਤੋਂ ਘਟ ਨਹੀਂ।

(ਬਾਕੀ ਪੰਨਾ ੨੫ ਤੇ ...)



www.AKJ.Org

# ਸਮਤਾ ਦੇ ਸਾਗਰ - ਗੁਰੂ ਨਾਨਕ ਨਿਰੰਕਾਰੀ

(ਪ੍ਰਿ: ਸੱਜਣ ਸਿੰਘ ਜੀ)

ਅਕਾਲ ਪੁਰਖ ਸਭਨਾਂ ਦਾ ਸਾਂਝਾ ਬਾਪ ਹੈ, ਤੇ ਕੋਈ ਵੀ ਵਿਚੋਂ ਆਪਣੇ ਪੁੱਤਰਾਂ ਦੇ ਪਿਆਰ ਵਿਚ ਵਿਤਕਰਾ ਨਹੀਂ ਰਖਦਾ। ਉਹ ਪੁੱਤਰਾਂ ਨੂੰ ਸਮਝਾਉਂਦਾ ਹੈ, ਝਿੜਕਦਾ ਹੈ, ਗੁਣਵਾਨ ਬਣਾਉਣ ਲਈ ਤੇ ਸਿੱਧੇ ਰਸਤੇ ਪਾਉਣ ਲਈ। ਦੂਸਰੇ ਪਾਸੇ ਸਾਰੇ ਪੁੱਤਰ ਇਕੋ ਜਿਹੇ ਨਹੀਂ ਹੁੰਦੇ ਤੇ ਪਿਆਰ ਸਤਿਕਾਰ ਨਿਭਾਉਣ ਵਾਲਾ ਆਗਿਆਕਾਰੀ ਪੁੱਤਰ ਪਿਤਾ ਦੀ ਗੁੱਝੀ ਸੰਪਤੀ ਅਰਥਾਤ ਦੈਵੀ ਗੁਣਾਂ ਦੀ ਦਾਤ ਵਿਰਾਸਤ ਦੇ ਤੌਰ ਤੇ ਪ੍ਰਾਪਤ ਕਰ ਲੈਂਦਾ ਹੈ। ਇਉਂ ਹੀ ਸੰਸਾਰ ਦੇ ਵਖਰੇ ਵਖਰੇ ਧਾਰਮਿਕ ਆਗੂਆਂ, ਪੀਰਾਂ, ਫਕੀਰਾਂ ਨੂੰ ਉਨ੍ਹਾਂ ਦੀ ਰੁਚੀ, ਜਾਇਜ਼ ਮੰਗ ਤੇ ਹੱਕ ਅਨੁਸਾਰ ਰੱਬੀ ਖਜ਼ਾਨਿਆਂ ਦੀ ਮਲਕੀਅਤ ਪ੍ਰਾਪਤ ਹੁੰਦੀ ਹੈ। ਪਰ ਵਿਸ਼ੇਸ਼ ਕਿਰਪਾ ਦ੍ਰਿਸ਼ਟੀ ਦਾ ਪਾਤਰ ਉਹੀ ਧਰਮ ਹੈ ਜਿਸ ਨੇ ਸੱਚ ਦਾ ਧਰਮ ਅਪਣਾਇਆ ਹੋਵੇ।

ਅਕਾਲ ਪੁਰਖ ਗੁਣਾਂ ਦਾ ਸੋਮਾ ਹੈ, ਇਕ ਐਸਾ ਮੇਘ ਹੈ ਜਿਹੜਾ ਧਰਤੀ ਦੇ ਗੁਣਾਂ, ਅਉਗੁਣਾਂ ਤੇ ਯੋਗਤਾ ਨੂੰ ਤੱਕ ਕੇ ਨਹੀ ਵਰ੍ਹਦਾ । ਉਸ ਦੀ ਨਦਰਿ ਰਹਿਮਤ ਇਕਸਾਰ, ਵਿਤਕਰੇ ਬਿਨਾਂ ਹੁੰਦੀ ਹੈ। ਇਹ ਸਮਾਨਤਾ ਜਾਂ ਸਮਤਾ ਦਾ ਗੁਣ ਹੈ ਜਿਸ ਦੇ ਅੁੱਕ ਖ਼ਜ਼ਾਨੇ ਦੀ ਕੁੰਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੌਂਪੀ ਹੋਈ ਹੈ।

ਆਪ ਜੀ ਦਾ ਪਰਿਵਾਰ ਆਪਣੇ ਬੱਚਿਆਂ ਤੱਕ ਸੀਮਤ ਨਹੀਂ ਸੀ। ਸਾਰਾ ਸੰਸਾਰ ਆਪ ਦਾ ਪਰਿਵਾਰ ਸੀ। ਸਾਰੇ ਵਿਸ਼ਵ ਦੀ ਪੀੜਾ ਦਾ ਅਹਿਸਾਸ ਆਪ ਜੀ ਨੂੰ ਹੁੰਦਾ ਸੀ ਤੇ ਇਸੇ ਪੀੜਾ ਦੀ ਨਵਿਰਤੀ ਲਈ ਹਜੂਰ ਨੇ ਆਪਣਾ ਨਿਜੀ ਪਰਿਵਾਰ, ਘਰ ਬਾਰ ਤਿਆਗ ਕੇ ਸੰਸਾਰ ਨੂੰ ਸੋਧਣ ਦਾ ਫੈਸਲਾ ਕੀਤਾ ਸੀ। ਖੁਸ਼ੀਆਂ ਨਾਲ ਟਹਿਕਦੇ, ਮਹਿਕਦੇ ਟੱਬਰ ਦਾ ਤਿਆਗ ਤੇ ਟੁੱਟੇ ਹੋਏ ਸੰਸਾਰ ਨੂੰ ਪ੍ਰਭੂ ਨਾਲ ਜੋੜਨ ਦਾ ਪਰਉਪਕਾਰੀ ਕਾਰਜ ਤੱਕ ਕੇ ਭਾਈ ਗੁਰਦਾਸ ਜੀ ਨੇ ਆਪ ਜੀ ਨੂੰ *'ਜ਼ਾਹਰ ਪੀਰ ਜਗਤੁ ਗੁਰ ਬਾਬਾ'* ਤੇ *'ਜਗਤੁ ਗੁਰੂ ਗੁਰੁ ਨਾਨਕ ਦੇਉ'* ਦੀ ਪਦਵੀ ਨਾਲ ਸ਼ਸ਼ੋਭਤ ਕਰਕੇ ਜਗ ਵਿਚ ਹੋਕਾ ਦਿੱਤਾ। ਭਾਈ ਨੰਦ ਲਾਲ ਜੀ ਦੇ ਸ਼ਬਦਾਂ ਅਨੁਸਾਰ 'ਪਰਮਾਤਮਾ ਨੇ ਆਪ ਫੁਰਮਾਇਆ ਕਿ ਗੁਰੂ ਨਾਨਕ ਜੀ ਸਾਰੇ ਸੰਸਾਰ ਦੇ ਗੁਰੂ ਹਨ ਜਿਨ੍ਹਾਂ ਨੇ ਸਾਰੇ ਸੰਸਾਰ ਨੂੰ ਮੁਕਤੀ ਬਖਸ਼ੀ ਤੇ ਪਾਪੀਆਂ ਤੇ ਵੀ ਰਹਿਮਤ ਕੀਤੀ'।

ਹੱਕਸ਼ ਗੁਫਤ ਖੁਦ ਮੁਰਸਿਦਉਲ ਆਲਮੀਂ॥
ਨਿਜਾਤਉਲ ਵਰਾ ਰਹਿਮਤੁਉਲ ਮੁਜ਼ ਨਬੀਂ ॥੪॥ (ਜੋਤਿ ਬਿਗਾਸ)

ਜਗਤ-ਗੁਰੂ ਅਖਵਾਉਣ ਦਾ ਅਧਿਕਾਰੀ ਉਹ ਮਹਾਂ ਪੁਰਸ਼ ਹੋ ਸਕਦਾ ਹੈ ਜਿਹੜਾ ਜਾਤਿ-ਪਾਤਿ, ਦੇਸ ਭੇਸ, ਊਚ ਨੀਚ ਦੀਆਂ ਵਲਗਣਾਂ ਤੋਂ ਉਪਰ ਹੁੰਦਾ ਹੈ ਤੇ ਜਿਸ ਨੇ ਸਾਰੀ ਮਾਨਵਤਾ ਦੇ ਕਲਿਆਣਾ ਬੀੜਾ ਚੁੱਕਿਆ ਹੁੰਦਾ ਹੈ। ਐਸੀ ਪਰਮ ਸ਼ਖਸ਼ੀਅਤ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਦੀ ਦ੍ਰਿਸ਼ਟੀ ਵਿਚ ਕੋਈ ਹਿੰਦੂ ਨਹੀਂ, ਕੋਈ ਮੁਸਲਮਾਨ ਨਹੀਂ ਤੇ ਸਾਰਿਆਂ ਦਾ ਇਕੋ ਧਰਮ ਹੈ, ਮਾਨਵਤਾ ਦਾ ਧਰਮ। ਇਸ ਨਾਹਰੇ ਦੀਂ ਗੂੰਜ ਸਭ ਤੋਂ ਪਹਿਲਾਂ, ਉਹ ਵੀ ਉਚੀ ਆਵਾਜ਼ ਵਿਚ, ਸੁਲਤਾਨਪੁਰ ਲੋਧੀ ਵਿਚ ਪਈ, ਜਿਸ ਨੇ ਨਵਾਬ ਤੇ ਕਾਜ਼ੀਆਂ ਦੀਆਂ ਮੁਤੱਸਬ ਭਰੀਆਂ ਅੱਧ-ਮੀਟੀਆਂ ਅੱਖਾਂ ਖੋਲ੍ਹ ਦਿੱਤੀਆਂ। ਮੱਕੇ ਦੀ ਘਟਨਾ ਤੇ ਵਾਰਤਾਲਾਪ ਹਿੰਦੂ ਮੁਸਲਮਾਨ ਦੀਆਂ ਦੂਰੀਆਂ ਨੂੰ ਨੇੜਤਾ ਪ੍ਰਦਾਨ ਕਰਨ ਦੀ ਇਤਿਹਾਸਕ ਘਟਨਾ ਹੈ। ਆਪਣੇ ਧਰਮ ਨੂੰ ਸਭ ਤੋਂ ਸ੍ਰੇਸ਼ਟ ਸਮਝਣ ਵਾਲੇ ਮੁਸਲਮਾਨਾਂ ਨੇ ਹਜੂਰ ਅੱਗੇ ਪ੍ਰਸ਼ਨ ਰੱਖਿਆ ਕਿ ਹਿੰਦੂ ਵੱਡਾ ਹੈ ਕਿ ਮੁਸਲਮਾਨ। ਇਸ ਦਾ ਉਤਰ ਉਹੀ ਵਿਅਕਤੀ ਦੇ ਸਕਦਾ ਹੈ ਜਿਸ ਨੂੰ ਦੋਹਾਂ ਧਰਮਾਂ ਦੀਆਂ ਅੰਦਰੂਨੀ ਸਿਫਤਾਂ ਤੇ ਕਮਜ਼ੋਰੀਆਂ ਦਾ ਸੱਚਾ ਗਿਆਨ ਹੋਵੇ। ਗੁਰਦੇਵ ਜੀ ਜਾਣਦੇ ਸਨ ਕਿ ਸਚਾਈ ਕਿਸੇ ਦਾ ਪੱਖ ਦ੍ਰਿਸਟਾਉਣ ਵਿਚ ਨਹੀਂ ਹੈ। ਜੇ ਇੰਜ ਹੁੰਦਾ ਤਾਂ ਆਪ ਨਿਡਰਤਾ ਸਹਿਤ, ਬਿਨਾਂ ਸੰਕੋਚ ਦੇ ਕਿਸੇ ਇਕ ਧਿਰ ਨੂੰ ਸ੍ਰੇਸਟ ਆਖ ਸਕਦੇ ਸਨ। ਆਪ ਜੀ ਦੀ ਪਰਖਣ ਦੀ ਕਸੌਟੀ ਨਿਰਪੱਖ ਤੇ ਨਿਰਭੈਤਾ ਵਾਲੀ ਤੇ ਸੱਚੇ ਗਿਆਨ ਤੇ ਆਧਾਰਤ ਸੀ। ਗੁਰਦੇਵ ਜੀ ਨੇ ਵਡੱਤਣ ਨੂੰ ਕਿਸੇ ਫਲਸਫੇ ਜਾਂ ਧਰਮ ਨਾਲ ਨਹੀਂ ਜੋੜਿਆ ਬਲਕਿ ਸ਼ੁਭ ਅਮਲਾਂ ਨੂੰ ਧਰਮ ਦਾ ਤੱਤ ਦਸਿਆ। ਇਸ ਦਾ ਹਵਾਲਾ ਭਾਈ ਗੁਰਦਾਸ ਜੀ ਨੇ ਇਹਨਾਂ ਸ਼ਬਦਾਂ ਦੁਆਰਾ ਦਿੱਤਾ ਹੈ-



www.AKJ.Org

ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ॥
ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ॥
ਪੁਛਨਿ ਫੋਲਿ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆ ਸੁਭਿ ਅਮਲਾਂ ਬਾਝਹੁ ਦੋਨੋ ਰੋਈ॥
ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰਿ ਲਹਨਿ ਨ ਢੋਈ॥
ਕਚਾ ਰੰਗ ਕਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ॥
ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ॥
ਰਾਹਿ ਸੈਤਾਨੀ ਦੁਨੀਆ ਗੋਈ॥ (ਵਾਰ ੧ ਪਉੜੀ ੩੩)

ਉਸ ਸਮੇਂ ਹਿੰਦੂਆਂ ਤੇ ਮੁਸਲਮਾਨਾਂ ਦਾ ਸੰਘਰਸ਼ ਚੋਟੀ ਤੇ ਸੀ ਤੇ ਹਰੇਕ ਜੀਵ ਆਪਣੇ ਧਰਮ ਦੀ ਉਚਤਾ ਦਾ ਢੰਡੋਰਾ ਪਿੱਟਦਾ ਸੀ ਪਰ ਹਾਲਾਤ ਮੁਸਲਮਾਨਾਂ ਦੇ ਪੱਖ ਵਿਚ ਸਨ ਕਿਉਂਕਿ ਭਾਰਤ ਵਿਚ ਉਨ੍ਹਾਂ ਦੀ ਹਕੂਮਤ ਸੀ।

ਗੁਰਦੇਵ ਜੀ ਦੀ ਅਕਾਲੀ ਬਾਣੀ ਤੇ ਸਿਖਿਆ ਸਾਂਝੀ ਸੀ ਤੇ ਸਾਰੇ ਧਰਮਾਂ ਤੇ ਵਰਨਾਂ ਨੂੰ ਰਾਸ ਆਉਣ ਵਾਲੀ ਸੀ। ਇਕ ਰੱਬੀ ਕਲਾਮ ਹੋਣ ਕਰਕੇ ਕਿਸੇ ਨਾਲ ਮਤ-ਭੇਦ ਹੋਣ ਦਾ ਪ੍ਰਸ਼ਨ ਹੀ ਨਹੀਂ ਸੀ ਉਠਦਾ। ਸਿੱਧਾਂ, ਜੋਗੀਆਂ ਤੇ ਉਦਾਸੀਆਂ ਦੀ ਦ੍ਰਿਸਟੀ ਵਿਚ ਅਧਿਆਤਮਕਤਾ ਪ੍ਰਾਪਤ ਕਰਨ ਲਈ ਗ੍ਰਿਹਸਤ ਦਾ ਤਿਆਗ ਜ਼ਰੂਰੀ ਸੀ। ਜੋਗੀ ਦਾ ਖੁਣਸ ਖਾਣਾ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਪਿੰਡੋਂ ਬਾਹਰ ਕਢਵਾਉਣ ਵਿਚ ਸਫਲ ਹੋਣਾ ਇਸ ਗੱਲ ਦਾ ਜਾਹਰਾ ਸਬੂਤ ਸੀ ਕਿ ਉਸ ਸਮੇਂ ਜੋਗੀਆਂ ਦਾ ਆਮ ਜਨਤਾ ਤੇ ਬਹੁਤ ਪ੍ਰਭਾਵ ਸੀ। ਮੁਸਲਮਾਨ ਪੀਰਾਂ ਦਾ ਕੱਟੜਪੁਣਾ ਇਸ ਦਰਜੇ ਤੱਕ ਪਹੁੰਚਾ ਹੋਇਆ ਸੀ ਕਿ ਉਨ੍ਹਾਂ ਦੀ ਨਜ਼ਰ ਵਿਚ ਕੋਈ ਹਿੰਦੂ ਪੀਰ ਨਹੀਂ ਹੋ ਸਕਦਾ ਤੇ ਕੋਈ ਗ੍ਰਿਹਸਥੀ ਫਕੀਰ ਨਹੀਂ ਸੀ ਹੋ ਸਕਦਾ। ਇਨ੍ਹਾਂ ਨੂੰ ਸੋਧਣ ਦਾ ਕੰਮ ਗੁਰੂ ਨਾਨਕ ਨਿਰੰਕਾਰੀ ਵਰਗੀ ਸ਼ਖਸ਼ੀਅਤ ਹੀ ਕਰ ਸਕਦੀ ਸੀ।

ਉਚ ਜਾਤੀ ਦੇ ਪੰਡਤ, ਬ੍ਰਾਹਮਣ ਸ਼ੂਦਰਾਂ ਨੂੰ ਨਿਕਟ ਨਹੀਂ ਸੀ ਆਉਣ ਦਿੰਦੇ। ਹਉਮੈ ਦੀ ਅਗਨੀ ਨੇ ਉਨ੍ਹਾਂ ਦੇ ਪਿਆਰ, ਹਮਦਰਦੀ, ਬਰਾਬਰੀ ਦੇ ਗੁਣਾਂ ਨੂੰ ਸੁਆਹ ਕਰ ਦਿੱਤਾ ਸੀ। ਬਾਕੀ ਵਰਨਾਂ ਦੀ ਸੇਵਾ ਕਰਨ ਵਾਲੇ, ਇਹ ਰੱਬ ਦੇ ਬੰਦੇ ਗੁਲਾਮਾਂ ਦੇ ਤੁੱਲ ਸਨ। ਗੁਰਦੇਵ ਜੀ ਨੇ ਸ਼ੂਦਰ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਤੇ ਆਖਿਆ ਕਿ ਜਿਹੜਾ ਪ੍ਰਾਣੀ ਨਾਮ ਨਹੀਂ ਜਪਦਾ, ਉਹ ਵਾਸਤਵ ਵਿਚ ਨੀਚ ਜਾਤ ਦਾ ਹੈ। ਹਜ਼ੂਰ ਦਾ ਫੁਰਮਾਨ ਹੈ -

ਖਸਮੁ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ॥ (੧੦)

ਵਰਤਮਾਨ ਸਮੇਂ ਦੀ ਗੱਲ ਹੋਰ ਹੈ, ਉਸ ਸਮੇਂ ਜੋ ਕੁਝ ਸਤਿਗੁਰੂ ਜੀ ਨੇ ਆਖਿਆ ਤੇ ਕਮਾਇਆ, ਇੱਕ ਇਨਕਲਾਬੀ ਲਹਿਰ ਦਾ ਰੂਪ ਸੀ। ਅਜਿਹੇ ਦੁਰਕਾਰੇ ਹੋਏ ਪ੍ਰਾਣੀਆਂ ਨੂੰ, ਜਿਹੜੇ ਗੁਰਮੰਤ੍ਰ ਲੈਣ ਦੇ ਯੋਗ ਨਹੀਂ ਸਨ, ਨਾਮ ਜਪਣ ਦੇ ਅਧਿਕਾਰੀ ਨਹੀਂ ਸਨ, ਗਲੇ ਲਗਾਇਆ, ਮਾਨਵਤਾ ਦੀ ਏਕਤਾ ਦਾ ਅਮਲੀ ਪ੍ਰਗਟਾਵਾ ਕੀਤਾ ਤੇ ਫੁਰਮਾਇਆ -

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚੁ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥(੧੫)

ਅਕਾਲ ਪੁਰਖ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਸਾਰੇ ਸੰਸਾਰ ਵਿਚੋਂ ਭਰਮ, ਪਖੰਡ ਤੇ ਵਿਤਕਰਾ ਦੂਰ ਕਰਨ ਲਈ ਤੇ ਇਕੋ ਨਿਰੰਕਾਰ ਦਾ ਦਾਮਨ ਫੜਨ ਲਈ ਭੇਜਿਆ ਸੀ। ਹਜ਼ੂਰ ਨੇ ਜਦ ਧਿਆਨ ਧਰ ਕੇ ਜਗਤ ਨੂੰ ਵਿਸ਼ੇ-ਵਿਕਾਰਾਂ, ਈਰਖਾ, ਕ੍ਰੋਧ ਤੇ ਜ਼ੁਲਮ ਦੀ ਭੱਠੀ ਵਿਚ ਸੜਦੇ ਤੱਕਿਆ ਤਾਂ ਇਸ ਅਗਨੀ ਦਾ ਸ਼ਿਕਾਰ ਕੋਈ ਇਕ ਜਾਤੀ ਵਰਨ ਜਾਂ ਧਰਮ ਨਹੀਂ ਸੀ, ਸਮੁੱਚੀ ਖਲਕਤ ਕੁਰਾਹੇ ਪੈ ਕੇ ਕੁਰਲਾ ਰਹੀ


www.AKJ.Org

ਸੀ। ਹਜ਼ੂਰ ਦਾ ਪਿਆਰਾ ਸਾਥੀ ਰੱਬਾਬੀ ਮਰਦਾਨਾ ਮਰਾਸੀ ਸੀ, ਉਚੀ ਜਾਤਿ ਦਾ ਨਹੀਂ ਸੀ। ਉਦਾਸੀਆ ਦੌਰਾਨ ਉਹ ਅਧਿਕਤਰ ਗਰੀਬ, ਨਿਮਾਣੇ ਕਿਰਤੀ ਬੰਦਿਆਂ ਦੇ ਘਰ ਠਹਿਰੇ ਸਨ। ਹਜ਼ੂਰ ਤੇ ਪਰਉਪਕਾਰ ਤੇ ਸੇਵਾ ਬਾਰੇ ਸ੍ਰੀ ਗੁਰੂ ਰਾਮਦਾਸ ਜੀ ਦੇ ਬਚਨ ਬਹੁਤ ਅਮੋਲਕ ਤੇ ਢੁਕਵੇਂ ਹਨ -

ਕਾਨੜਾ ਮਹਲਾ ੪॥ .....
ਜਿਉ ਛੁਹਿ ਪਾਰਸ ਮਨੂਰ ਭਏ ਕੰਚਨ
ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ॥੧॥
ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ ਤਿਉ ਪਾਪੀ ਸੰਗਿ
ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ॥
ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ
ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ॥(੧੨੯੭)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਥ ਈਰਖਾ, ਦਿਖਾਵੇ, ਭੇਖ ਤੇ ਪਾਖੰਡ ਤੋਂ ਨਿਰਲੇਪ ਸੀ। ਇਸ ਕਰਕੇ ਇਸ ਦਾ ਨਾਉ ਨਿਰਮਲ ਪੰਥ ਪੈ ਗਿਆ। ਇਸ ਦੀ ਬੁਨਿਆਦ ੧ਓ ਜਾਂ ਵਾਹਦੀਅਤ ਤੇ ਉਸਾਰੀ ਗਈ ਸੀ। ਵਰਤਮਾਨ ਕਾਲ ਵਿਚ ਅਨੇਕ ਉਪ-ਧਰਮ ਬਰਸਾਤ ਦੀਆਂ ਖੁੰਬਾਂ ਵਾਂਗਰ ਉਗਮ ਪਏ ਹਨ ਜਿਨ੍ਹਾਂ ਦੀ ਆਰੰਭਤਾ ਦੂਜੇ ਧਰਮਾਂ ਦੀ ਖੰਡਣ ਨੀਤੀ ਦੁਆਰਾ ਹੋਈ ਹੈ। ਜਿਸ ਨੇਤਾ ਜਾਂ ਧਰਮ ਵਿਚ ਪਾਵਨ ਗੁਣਾਂ ਦੀ ਘਾਟ ਹੋਵੇ ਤੇ ਉਪਰ ਉਠਣ ਜਾਂ ਵਧਣ-ਫੁਲਣ ਦੇ ਅਸਮਰਥ ਹੋਵੇ, ਉਹ ਹੋਰਨਾਂ ਦੀ ਨੁਕਤਾਚੀਨੀ ਕਰਕੇ ਜਾਂ ਨੀਵਾਂ ਤੇ ਪਤਿਤ ਆਖ ਕੇ ਉਚਾ ਉਠਣ ਦਾ ਕੋਝਾ ਯਤਨ ਕਰਦਾ ਹੈ। ਗੁਰਦੇਵ ਜੀ ਨੇ ਕਿਸੇ ਧਰਮ ਨੂੰ ਨੀਵਾਂ ਦਿਖਾਉਣ ਲਈ ਨਿੰਦਾ ਨਹੀਂ ਕੀਤੀ, ਪੰਡਤ ਨੂੰ ਆਦਰਸ਼ਕ ਪੰਡਤ, ਮੁਸਲਮਾਨ ਨੂੰ ਸੱਚਾ ਮੁਸਲਮਾਨ, ਜੋਗੀ ਨੂੰ ਅਸਲ ਜੋਗੀ ਬਣਨ ਦਾ ਉਪਦੇਸ਼ ਦਿੱਤਾ। ਗੁਰ ਫੁਰਮਾਨ ਹੈ-

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

(ਸਲੋਕੰ ਮ: ੩, ਬਿਲਾਵਲ ਕੀ ਵਾਰ, ਪੰਨਾ ੮੫੩)

ਜਲਦੇ ਬਲਦੇ ਜਗਤ ਨੂੰ ਨਾਮ ਦੁਆਰਾ ਸ਼ਯਤ ਕਰਨਾ ਜੇ ਸੁਖਾਲਾ ਕੰਮ ਹੁੰਦਾ ਤਾਂ ਧਾਰਮਿਕ ਆਗੂਆਂ ਨੇ ਕੀਤਾ ਹੁੰਦਾ। ਇਸ ਲਈ ਕੇਵਲ ਪਰਉਪਕਾਰ ਦੀ ਭਾਵਨਾ ਤੇ ਨੇਕ ਨੀਅਤੀ ਕਾਫੀ ਨਹੀਂ। ਕਈਆਂ ਨੇ ਪਰਿਵਾਰ ਦਾ ਵੀ ਤਿਆਗ ਕੀਤਾ, ਘੋਰ ਤੱਪਸਿਆ ਵੀ ਕੀਤੀ ਪਰ ਜਗਤ ਪੱਧਰ ਤੇ ਕਿਸੇ ਨੇ ਉਪਰਾਲਾ ਨਹੀਂ ਕੀਤਾ। ਅਸੀਂ ਰੋਜ਼ ਤੱਕਦੇ ਹਾਂ ਕਿ ਚੰਗਿਆਈ ਚੰਗੀ ਤਾਂ ਹੈ ਪਰ ਜੇ ਇਹ ਨਿਰਬਲ ਹੈ ਤਾਂ ਮਾਰ ਖਾਂਦੀ ਹੈ। ਗੁਰਦੇਵ ਜੀ ਦੇ ਨੇੜੇ ਆਲਸ ਦਾ ਕੀ ਕੰਮ? ਆਪ ਬਹੁਤ ਉਦੱਮੀ ਦਲੇਰ ਤੇ ਸ਼ੇਰ ਦਿਲ ਸਨ। ਜਿੱਥੇ ਨਿਮਰਤਾ ਦਾ ਅਸਰ ਨਹੀਂ ਪਿਆ ਉਥੇ ਕਠੋਰ ਤੇ ਸਖਤ ਬਚਨ ਭੀ ਆਖੇ। ਜੋਗੀਆਂ ਦੀਆਂ ਰਿੱਧੀਆਂ ਸਿੱਧੀਆਂ ਦਾ ਜਵਾਬ ਉਸੇ ਸ਼ਕਲ ਵਿਚ ਪਰ ਨਿਰਾਲੇ ਢੰਗ ਨਾਲ ਦਿੱਤਾ। ਕੋਈ ਨਿਰਬਲ ਪ੍ਰਾਣੀ ਸਿੱਧਾਂ ਦੇ ਪਹਾੜੀ ਸਥਾਨਾਂ ਜਾਂ ਮੁਸਲਮਾਨਾਂ ਦੇ ਧਾਰਮਕ ਅਸਥਾਨਾਂ ਮੱਕਾ ਮਦੀਨਾ ਬਗਦਾਦ ਵਿੱਚ ਪੁਹੰਚਣ ਦੀ ਹਿੰਮਤ ਨਹੀਂ ਸੀ ਕਰ ਸਕਦਾ।

ਹਜ਼ੂਰ ਦੀ ਨਿਡਰਤਾ ਤੇ ਪਰਉਪਕਾਰੀ ਕਾਰਜਾਂ ਵਿਚ ਕਬਜ਼ਾ, ਪਕੜ, ਲਗਾਉ ਜਾਂ ਹਉਮੈ ਦੀ ਲਾਗ ਬਿਲਕੁਲ ਨਹੀਂ ਸੀ, ਸਭ ਤੋਂ ਵੱਡਾ ਦੈਵੀ ਗੁਣ ਨਿਰਵੈਰਤਾ ਪੂਰਨ ਤੌਰ ਤੇ ਵਿਆਪਕ ਸੀ, ਗੁਰਮਤਿ ਨਾਮ ਗਰੀਬੀ ਦੀ ਦਾਤਿ ਧੁਰ ਦਰਗਾਹੋਂ ਪ੍ਰਾਪਤ ਹੋਈ ਸੀ। ਰਸਾਤਲ ਵਿੱਚ ਡਿਗੇ ਪ੍ਰਾਣੀਆਂ ਨੂੰ ਬਾਂਹ ਫੜਾ ਕੇ ਉਪੱਰ ਉਠਾਇਆ, ਔਗੁਣ ਮਿਟਾਇਕੇ ਗੁਣ ਭਰੇ, ਕਿਸੇ ਨੂੰ ਸ਼ਰਮਿੰਦਾ ਨਹੀਂ ਕੀਤਾ, ਉਸ ਦੀ ਹੀਣਤਾ ਭਾਵਨਾ ਦਾ ਅਹਿਸਾਸ ਨਹੀਂ ਕਰਵਾਇਆ, ਅਣਖ ਤੇ ਸੱਟ ਨਹੀਂ ਮਾਰੀ ਤੇ ਉਸ ਦੇ ਸ੍ਵੈਸਤਿਕਾਰ ਨੂੰ ਕਾਇਮ ਰਖਿਆ। ਹਜ਼ੂਰ ਨੇ ਸਰਬੱਤ ਦਾ ਭਲਾ ਮੰਗਣਾ ਸਿਖਲਾਇਆ। ਜਿਵੇਂ ਬੁਰੇ ਤੋਂ ਭਲਾਈ ਨਹੀਂ ਹੁੰਦੀ, ਤਿਉ ਭਲੇ ਤੋਂ


www.AKJ.Org

ਕਦੇ ਵੀ ਬੁਰਿਆਈ ਨਹੀਂ ਹੁੰਦੀ। ਇਹ ਬ੍ਰਹਮ ਗਿਆਨੀ ਦੇ ਗੁੰਣ ਹਨ ਜਿਨਾਂ ਬਾਰੇ ਪੰਚਮ ਪਾਤਸ਼ਾਹ ਫਰਮਾਉਂਦੇ ਹਨ।

(1) ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥ (੨੭੨)
(੨) ਬ੍ਰਹਮ ਗਿਆਨੀ ਕੈ ਹੋਇ ਸੁ ਭਲਾ॥
ਬ੍ਰਹਮ ਗਿਆਨੀ ਸੁਫਲ ਫਲਾ॥ (ਸੁਖਮਨੀ ਸਾਹਿਬ - ੨੭੩)

ਅਸੀਂ ਲੋਕ ਨੇਕੀ, ਭਲਾ ਤੇ ਪਰਉਪਕਾਰ ਕਰਨ ਵੇਲੇ ਇਨ੍ਹਾਂ ਦੇ ਲਗਾਉ ਵਿਚ ਗ੍ਰਹਸਤ ਹੋ ਜਾਂਦੇ ਹਾਂ ਤੇ ਨਿਸ਼ਕਾਮ ਭਾਵਨਾ ਨੂੰ ਹਿਰਦੇ ਵਿਚ ਨਹੀਂ ਵਸਾਉਂਦੇ। ਗੁਰਦੇਵ ਜੀ ਲਈ ਇਹ ਸਹਜ ਗੁਣ ਸੀ ਤੇ ਇਕ ਬਿਰਦ ਬਣ ਚੁੱਕਿਆ ਸੀ। ਹਜ਼ਾਰਾਂ ਲੱਖਾਂ ਤਾਰੇ ਪਰ ਮਨ ਕਰਕੇ ਅਲੇਪ ਰਹੇ। ਗੁਰਸਿੱਖਾਂ ਪ੍ਰਤੀ ਫੁਰਮਾਨ ਸੀ ਕਿ ਪਰਉਪਕਾਰ ਕਰਨ ਵੇਲੇ ਆਪਾਂ ਨਹੀਂ ਜਤਾਉਣਾ, ਇਸ ਨੂੰ ਅਕਾਲ ਪੁਰਖ ਦਾ ਹੁਕਮ ਸਮਝਣਾ ਹੈ, ਇਉਂ ਹਉਮੈ ਦੀ ਲਾਗ ਨਹੀਂ ਲੱਗਦੀ।

ਮ: ੪॥ ਸਤਿਗੁਰੁ ਦਾਤਾ ਦਇਆਲੁ ਹੈ ਜਿਸ ਨੋ ਦਇਆ ਸਦਾ ਹੋਇ॥
ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ॥
ਨਿਰਵੈਰਾਂ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ॥
ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥
(ਗਉੜੀ ਕੀ ਵਾਰ ਮਹਲਾ ੪- ੩੦੨)

ਆਪ ਜੀ ਹਮੇਸ਼ਾ ਸਹਜ ਬਿਰਤੀ ਵਿਚ ਰਹਿੰਦੇ ਸਨ। ਇਤਿਹਾਸ ਵਿੱਚ ਐਸੀ ਘਟਨਾ ਨਹੀਂ ਮਿਲਦੀ ਜਿਸ ਵਿੱਚ ਆਪ ਕ੍ਰੋਧ ਵਿਚ ਆਏ ਹੋਣ ਤੇ ਆਪੇ ਤੋਂ ਬਾਹਰ ਹੋਏ ਹੋਣ। ਨਿਰਵੈਰਤਾ ਦੇ ਗੁਣ ਇਕੱਠੇ ਚੱਲਦੇ ਹਨ। ਜੀਵ ਜਿਸ ਤੋਂ ਡਰਦਾ ਹੈ, ਉਸੇ ਨਾਲ ਵੈਰ ਵਿਰੋਧ ਹੁੰਦਾ ਹੈ। ਸੱਪ ਦਾ ਕੱਟਣ ਦਾ ਡਰ ਹੈ ਤਾਂ ਹੀ ਸੱਪ ਸਾਡਾ ਵੈਰੀ ਹੈ। ਸਾਨੂੰ ਨਿੰਦਾ ਕਰਨ ਵਾਲਾ ਬੁਰਾ ਤੇ ਉਸਤਤਿ ਕਰਨ ਵਾਲਾ ਚੰਗਾ ਲੱਗਦਾ ਹੈ ਜਿਸ ਲਈ ਨਿੰਦਾ-ਉਸਤਤਿ ਤੁੱਲ ਹੈ, ਉਸ ਲਈ ਵੈਰੀ ਮਿੱਤਰ ਭੀ ਸਮਾਨ ਹੁੰਦੇ ਹਨ। ਗੁਰਬਾਣੀ ਦਾ ਫੁਰਮਾਨ ਹੈ।

ਵਾਹੁ ਵਾਹੁ ਸਤਿਗੁਰੁ ਸਤਿਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸ ਨਿੰਦਾ ਉਸਤਤਿ ਤੁਲਿ ਹੋਇ॥ (੧੪੨੧)

ਸਮਤਾ ਦਾ ਇੱਕ ਬੇਮਿਸਾਲ ਦ੍ਰਿਸ਼ਟਾਂਤ ਗੁਰ-ਚੇਲੇ ਦੀ ਵਿੱਥ ਮਿਟਾ ਕੇ ਇਕਮਿਕਤਾ ਪਰਦਾਨ ਕਰਨ ਦਾ ਹੈ। ਹੁਣ ਤਕ ਚੇਲੇ ਭਾਵੇਂ ਗੁਰੂ ਬਣ ਗਏ ਹੋਣ ਪਰ ਕੋਈ ਗੁਰੂ ਚੇਲਾ ਨਹੀਂ ਬਣਿਆ। ਭਾਈ ਲਹਣਾ ਜੀ ਨੇ ਏਨੀ ਸੇਵਾ ਕਰਕੇ ਰਿਝਾਇਆ ਕਿ ਸਤਿਗੁਰੂ ਜੀ ਨੇ ਪ੍ਰਸੰਨ ਹੋਇ ਕਿ ਉਸ ਨੂੰ ਆਪਣਾ ਰੂਪ ਬਣਾ ਲਿਆ। ਹਜ਼ੂਰ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਭਾਈ ਲਹਣੇ ਨੂੰ ਗੁਰੂ ਅੰਗਦ ਦਾ ਨਾਉ ਧਰਾ ਕੇ ਆਪਣੀ ਜੋਤਿ ਉਸ ਦੇ ਰਿਦੇ ਵਿਚ ਟਿਕਾਈ, ਗੁਰ ਗੱਦੀ ਤੇ ਸਸ਼ੋਭਤ ਕੀਤਾ, ਆਪਣੀ ਸ਼ਕਤੀ, ਕਲਾ ਤੇ ਜੁਗਤੀ ਬਖਸ਼ ਕੇ ਚੇਲੇ ਵਾਂਗਰ ਸੀਸ ਨਿਵਾਇਆ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ।

ਬਾਬਾਣੀ ਪੀੜੀ ਚਲੀ ਗੁਰ ਚੇਲੇ ਪਰਚਾ ਪਰਚਾਇਆ॥
ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।੩੪ (ਵਾਰ ੨੬)

ਗੁਰ ਚੇਲੇ ਦੀ ਇਕਮਿਕਤਾ ਸੰਸਾਰੀਆਂ ਲਈ ਵਾਕਈ ਇੱਕ ਵਿਲੱਖਣ ਜਾਣਕਾਰੀ ਹੈ ਪਰ ਗੁਰਦੇਵ ਜੀ ਲਈ ਇਸ ਵਿਚ ਕੋਈ ਨਵੀਨਤਾ ਨਹੀਂ, ਕਿਉਂਕਿ ਜਿਵੇਂ ਨਿਰੰਕਾਰ ਨੇ ਆਪਣਾ ਨਿਰਾਕਾਰ ਸਰੂਪ ਬਦਲ ਕੇ ਗੁਰੂ ਨਾਨਕ ਦੇਵ ਜੀ ਦਾ ਸਾਕਾਰ ਰੂਪ ਧਾਰਨ ਕੀਤਾ ਸੀ, ਗੁਰੂ ਨਾਨਕ ਨਿਰੰਕਾਰੀ ਨੇ ਇਸ ਪਰੰਪਰਾ ਨੂੰ ਜਾਰੀ ਰੱਖਦਿਆਂ ਕੇਵਲ ਆਪਣੀ ਕਾਂਇਆ ਪਲਟੀ ਤੇ ਆਪਣੀ ਜੁਗਤਿ ਤੇ ਜੋਤਿ ਦਾ ਟਿਕਾਉ ਆਪਣੇ ਪ੍ਰੇਮ ਪਿਆਰੇ ਸੇਵਕ ਗੁਰੂ ਅੰਗਦ ਜੀ ਦੇ ਹਿਰਦੇ ਵਿਚ ਕੀਤਾ।


www.AKJ.Org

# ਬਲਿਹਾਰੀ ਕੁਦਰਤਿ ਵਸਿਆ (ਗੁਰੂ ਨਾਨਕ ਦੇਵ ਜੀ)

(ਵਲੋਂ :- ਅਜੀਤ ਕੌਰ ਲੁਧਿਆਣਾ)

ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਾਣੀ ਦਾ ਡੂੰਘਾ ਅਧਿਅਨ ਕਰਨ ਤੋਂ ਇਹ ਗੱਲ ਸਪੱਸ਼ਟ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਕੁਦਰਤ ਅਨੁਭਵ ਬੜਾ ਵਿਸ਼ਾਲ ਵਿਆਪਕ ਤੇ ਅਧਿਆਤਮਕ ਸੀ। ਆਪ ਜੀ ਨੇ ਕੁਦਰਤ ਦੀ ਪ੍ਰੀਭਾਸ਼ਾ ਨੂੰ ਸ਼ਬਦਾਂ ਵਿੱਚ ਦੱਸਦਿਆਂ ਹੋਇਆ ਕਿਹਾ ਹੈ ਕਿ ਜੋ ਦ੍ਰਿਸ਼ਟ ਹੈ, ਸਭ ਪ੍ਰਕਿਰਤੀ ਹੈ :-

ਅੱਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ।' *ਇਸੇ ਤਰ੍ਹਾਂ 'ਆਸਾ ਦੀ ਵਾਰ' ਵਿੱਚ ਕੁਦਰਤ ਬਾਰੇ ਵਿਸ਼ਾਲ ਅਨੁਭਵ ਦਰਸਾਏ ਹਨ ਉਥੇ ਤਾਂ ਆਪ ਨੇ ਦਿਸਣ, ਸੁਣਨ, ਪਾਤਾਲ, ਸਰਬਅਕਾਰ, ਪੰਜ ਤੱਤ (ਪਉਣ, ਪਾਣੀ ਬੈਸੰਤਰ, ਧਰਤੀ, ਅਕਾਸ) ਆਦਿ ਦੇ ਨਾਲ ਵੇਦ, ਪੁਰਾਣ ਕਤੇਬਾ, ਸਰਬ-ਵਿਚਾਰਾਂ ਖਾਣਾ, ਪੀਣਾ, ਪਹਿਨਣਾ, ਪਿਆਰ, ਜਾਤ, ਜਿਨਸ, ਜੀਵ, ਆਤਮਾ, ਨੇਕੀਆਂ ਬਦੀਆਂ ਆਦਿ ਨੂੰ ਕੁਦਰਤ ਦਾ ਰੂਪ ਮੰਨਿਆਂ ਹੈ ਅਤੇ ਸਾਰੀ ਕੁਦਰਤ ਦਾ ਮਾਲਕ ਪ੍ਰਭੂ ਨੂੰ ਮੰਨਿਆਂ ਹੈ। ਪ੍ਰਭੂ-ਜਿਸ ਦੇ ਹੁਕਮ ਅੰਦਰ ਉਪਰੋਕਤ ਸਭ ਪ੍ਰਾਕ੍ਰਿਤਕ ਵਸਤਾਂ ਕੰਮ ਕਰ ਰਹੀਆਂ ਹਨ ਤੇ ਪ੍ਰਭੂ ਆਪਣੇ ਹੁਕਮ ਅੰਦਰ ਸਭ ਦੇ ਵਿਵਹਾਰਾਂ ਨੂੰ ਵਾਚ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਢੰਗਾਂ ਨਾਲ ਆਪਣੀ ਰਚਨਾ ਵਿੱਚ ਕੁਦਰਤ ਦੀ ਵਿਆਖਿਆ ਕੀਤੀ ਹੈ।

ਉਪਮਾ ਤੇ ਅਲੰਕਾਰਾਂ ਵਜੋਂ ਬਾਬਾ ਜੀ ਨੇ ਧਰਤੀ ਤੇ ਆਕਾਸ ਦੀ ਕੋਈ ਵੀ ਚੀਜ਼ ਨਹੀਂ ਛੱਡੀ। ਦਰਿਆ, ਪਹਾੜ, ਬਨਾਸਪਤੀ, ਥਿੱਤਾਂ, ਵਾਰ, ਰੁਤਾਂ ਫਲ, ਫੁੱਲ, ਪਸ਼ੂ, ਕੀੜੇ ਅਨੇਕਾਂ ਚੀਜ਼ਾਂ ਨੂੰ ਉਪਮਾ ਤੇ ਦ੍ਰਿਸ਼ਟਾਂਤ ਅਲੰਕਾਰਾਂ ਵਜੋਂ ਵਰਤਿਆ ਗਿਆ ਹੈ। ਇਸੇ ਤਰ੍ਹਾਂ ਤਾਰੇ, ਸੂਰਜ, ਚੰਦ, ਬੱਦਲ, ਮੀਂਹ, ਹਨੇਰੀਆਂ, ਬਿਜਲੀ ਨੂੰ ਅਧਿਆਤਮਕ ਭਾਵ ਦਰਸਾਉਣ ਲਈ ਅਲੰਕਾਰ ਰੂਪ ਵਿੱਚ ਵਰਤਿਆ ਗਿਆ ਹੈ। ਜਲ, ਮਛਲੀ, ਨੀਰ, ਚਾਤ੍ਰਕ, ਮੇਂਹ, ਚੱਕਵੀ, ਸੂਰ ਆਦਿ ਪ੍ਰਾਕ੍ਰਿਤਕ ਜੋੜਿਆਂ ਦਾ ਵਿਵਹਾਰ ਰੂਪਕ-ਉਪਮਾ ਤੇ ਦ੍ਰਿਸ਼ਟਾਂਤ ਅਲੰਕਾਰਾਂ ਰਾਹੀਂ ਦਰਸਾ ਕੇ ਮਹਾਨ ਅਧਿਆਤਮਕ ਜੀਵਨ ਦੀ ਪ੍ਰੇਰਨਾ ਦਿੱਤੀ ਹੈ। ਗੁਰੂ ਜੀ ਨੇ ਆਪਣੇ ਆਪ ਨੂੰ ਮੱਛਲੀ ਤੇ ਪ੍ਰਭੂ ਨੂੰ ਦਰਿਆਓ ਰੂਪ ਕਿਹਾ ਹੈ :-

''ਤੂ ਦਰਿਆਉ ਦਾਨਾ ਬੀਨਾ ਮੈ ਮਛਲੀ ਕੈਸੇ ਅੰਤੁ ਲਹਾ।।
ਜਹ ਜਹ ਦੇਖਾ ਤਹ ਤਹ ਤੂ ਹੈ, ਤੁਝ ਤੇ ਨਿਕਸੀ ਫੂਟਿ ਮਰਾ।।'(੨੫)'

ਹਰਿ-ਮੇਲ ਦੀ ਤੀਬਰ ਇੱਛਾ ਹੇਠ ਦਿੱਤੇ ਪ੍ਰਮਾਣਾ ਤੋਂ ਸਪੱਸ਼ਟ ਹੁੰਦੀ ਹੈ :-

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ।।..........
ਕੋਕਿਲ ਹੋਵਾ ਅੰਬਿ ਬਸਾ ਸਹਜਿ ਸ਼ਬਦ ਬੀਚਾਰ।।..........
ਮਛਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ।।...........
ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ।।...........(ਪੰਨਾ ੧੫੭)

ਸੰਸਾਰ ਦੀ ਅਸਥਿਰਤਾ ਦਰਸਾਉਣ ਲਈ ਕਿਹਾ ਹੈ :-

''ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ।।''(ਪੰਨਾ ੨੩)

ਮੌਤ ਨੂੰ ਮਛਲੀ-ਜਾਲ ਕਿਹਾ ਹੈ ਤੇ ਦੁਨੀਆਂ ਤੋਂ ਨਿਰਲੇਪ ਰਹਿਣ ਲਈ, ''ਜੈਸੇ ਜਲ ਮਹਿ ਕਮਲ ਨਿਰਾਲਮ ਮਿਰਗਾਈ ਨੀਸਾਣੈ।'' ਸੰਜੋਗੀ ਮੇਲਾ ਨੂੰ 'ਨਦੀਆ ਵਾਹੁ ਵਿਛੁੰਨੀਆ ਮੇਲਾ ਸੰਜੋਗੀ ਰਾਮ'' ਕਿਹਾ ਹੈ। ਇਸੇ ਤਰ੍ਹਾਂ ਪ੍ਰਭੂ ਦੀ ਮਿਹਰ ਨੂੰ ਜਲ ਨਾਲ ਉਪਮਾ ਦਿੱਤੀ ਹੈ ਤੇ ਹਰਿ ਚਰਨਾਂ ਨੂੰ 'ਕੰਵਲ' ਤੇ ਆਪਣੇ ਆਪ ਨੂੰ ਪਪੀਹਾ ਦਾ ਉਪਮਾਨ ਦਿੱਤਾ ਹੈ।

'ਬਲਿਹਾਰੀ ਕੁਦਰਤਿ ਵਸਿਆ' ਕਹਿ ਕੇ ਆਪ ਪ੍ਰਾਕ੍ਰਿਤੀ ਤੇ ਸਾਜਣਹਾਰੇ 'ਕਾਦਰ' ਤੋਂ ਵਾਰਨੇ ਜਾਂਦੇ ਹਨ। ਗੁਰਬਾਣੀ ਦਾ ਕੁਦਰਤ ਨਾਲ ਬਹੁਤ ਨੇੜੇ ਦਾ ਸੰਬੰਧ ਹੈ। ਜਦੋਂ ਵੀ ਗੁਰੂ ਜੀ ਪ੍ਰਭੂ ਦੀ ਕੁਦਰਤ ਅੰਦਰ ਰਮੇਂ ਸਰੂਪ ਦਾ ਜ਼ਿਕਰ ਕਰਦੇ ਹਨ ਤਾਂ ਕੁਦਰਤ ਦਾ ਜ਼ਿਕਰ ਆਪਣੇ ਆਪ ਹੀ ਆ ਜਾਂਦਾ ਹੈ। ਪ੍ਰਭੂ ਪ੍ਰਕ੍ਰਿਤੀ

ਦੇ ਕਣ ਕਣ ਵਿੱਚ ਰਮਿਆ ਹੋਇਆ ਹੈ। ਰਾਗ ਆਸਾ ਵਿੱਚ ਆਪ ਲਿਖਦੇ ਹਨ:-

"ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (ਪੰਨਾ ੪੬੩)

ਗੁਰੂ ਜੀ ਦੇ ਅਨੁਭਵ ਅਨੁਸਾਰ ਪ੍ਰਾਕ੍ਰਿਤੀ ਦਾ ਮੂਲ ਧਰਮ-ਤੱਤ ਹੈ। ਸੂਰਜ, ਚੰਦਰਮਾ, ਦੀਪਕ ਤੇ ਤ੍ਰਿਭਵਣ ਸਭ ਇਕ ਜੋਤਿ ਤੋਂ ਪ੍ਰਗਟ ਹਨ।

"ਰਵਿ ਸਸਿ ਦੀਪਕ ਜਾਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ॥"(ਪੰਨਾ ੪੮੯)

ਪ੍ਰੰਤੂ ਘਟ-ਘਟ ਦਾ ਵਿਆਪਕ ਪ੍ਰਭੂ ਦਾ ਅਨੁਭਵ ਹਰ ਕਿਸੇ ਨੂੰ ਨਹੀਂ ਹੁੰਦਾ। ਅਧਿਆਤਮਕ ਰੰਗਣ ਵਿੱਚ ਰੰਗੀ ਹੋਈ ਕੋਈ ਆਤਮਾ ਹੀ ਇਸ ਰਹੱਸ ਨੂੰ ਬੁੱਝ ਸਕਦੀ ਹੈ। ਪ੍ਰਭੂ ਅਨੰਤ ਤੇ ਅਸੀਮ ਹੈ। ਉਸ ਦਾ ਅੰਤ ਕੌਣ ਪਾ ਸਕਦਾ ਹੈ।

"ਜਹ ਦੇਖਾ ਤਹ ਏਕੁ ਤੂ ਅੰਤੁ ਨ ਪਾਰਾਵਾਰੁ॥"
ਥਾਨ ਥਨੰਤਰਿ ਰਵਿ ਰਹਿਆ ਗੁਰ ਸਬਦੀ ਵੀਚਾਰਿ।"(ਪੰਨਾ ੯੩੪)

ਗੁਰੂ ਨਾਨਕ ਜੀ ਅਨੁਸਾਰ ਸਮੁੱਚੀ ਪ੍ਰਕ੍ਰਿਤੀ ਤੇ ਉਸ ਦਾ ਹਰ ਇੱਕ ਅੰਗ ਆਪਣੇ ਉਤਪੰਨਹਾਰ ਪ੍ਰਭੂ ਦਾ ਉਪਾਸ਼ਕ ਤੇ ਗਾਇਕ ਹਨ। ਜਪੁਜੀ ਵਿੱਚ ਆਪ ਉਚਾਰਣ ਕਰਦੇ ਹਨ :-

"ਗਾਵਨਿ ਤੁਧਨੋ ਪਵਣ ਪਾਣੀ ਬੈਸੰਤਰ ਗਾਵੈ ਰਾਜਾ ਧਰਮ ਦੁਆਰੇ॥
ਗਾਵਨਿ ਤੁਧਨੋ ਚਿਤੁ ਗੁਪਤ ਲਿਖਿ ਜਾਣਨਿ ਲਿਖ ਲਿਖ ਧਰਮੁ ਬੀਚਾਰੇ॥ (ਸੋਦਰ ਰਾਗ ਆਸਾ)

ਰਾਗ ਧਨਾਸਰੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਸਰਬ ਪ੍ਰਕ੍ਰਿਤੀ ਨੂੰ ਪੁਜਾਰੀ ਦੇ ਰੂਪ ਵਿੱਚ ਅਨੁਭਵ ਕਰਦਿਆਂ ਪ੍ਰਕ੍ਰਿਤੀ ਤੇ ਪ੍ਰਭੂ ਦੀ ਆਰਤੀ ਕਰਵਾਈ ਹੈ :-

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਿਆਨਲੋ ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ॥"

ਇਸ ਆਰਤੀ ਵਿੱਚ ਕੁਦਰਤ ਅੰਬਰ ਰੂਪੀ ਥਾਲ ਵਿੱਚ ਚੰਦ ਤੇ ਸੂਰਜ ਦੋ ਦੀਵੇ ਬਾਲ ਕੇ ਤਾਰਿਆਂ ਦੇ ਮੋਤੀ ਥਾਲ ਵਿੱਚ ਸਜਾ ਕੇ, ਸਗਲ ਬਨਾਸਪਤੀ ਦੇ ਫੁੱਲ ਚੁੱਗ ਕੇ, ਸੁਗੰਧੀਆਂ ਭਰੀ ਪੌਣ ਪੱਖਾ ਝਲਦੀ ਵਿਖਾਈ ਹੈ। ਅਨਹਦ ਨਾਦ ਸਰਗੁਣ ਸਰੂਪ ਵਿੱਚ ਪ੍ਰਭੂ ਦੇ ਗਾਇਨ ਨਾਲ ਆਰਤੀ ਵਿੱਚ ਸ਼ਾਮਲ ਹਨ। ਸਰਬ ਪ੍ਰਕ੍ਰਿਤੀ ਵਿੱਚ ਪ੍ਰਭੂ ਆਪ ਜੋਤੀ ਬਣ ਕੇ ਰਮਿਆ ਹੋਇਆ ਹੈ ਤੇ ਪ੍ਰਕ੍ਰਿਤੀ ਉਸਦੀ ਆਰਤੀ ਕਰ ਰਹੀ ਹੈ।

"ਜੋ ਤਿਸੁ ਭਾਵੈ ਸੁ ਆਰਤੀ ਹੋਇ॥"

ਕਰਤੇ ਦੀ ਕਰਨੀ ਦਾ ਕੋਈ ਸ਼ੁਮਾਰ ਨਹੀਂ। ਇਹ ਵਿਚਾਰ 'ਜਪੁਜੀ' ਵਿੱਚ ਗੁਰੂ ਨਾਨਕ ਦੇਵ ਜੀ ਨੇ ਪ੍ਰਗਟ ਕੀਤੇ ਹਨ। ਆਸਾ ਦੀ ਵਾਰ ਵਿੱਚ ਆਪ ਜੀ ਨੇ ਕੁਦਰਤ ਨੂੰ 'ਜੀਆਂ' 'ਰੰਗਾਂ' 'ਜਾਤਾਂ' 'ਪੌਣ ਪਾਣੀ' 'ਆਕਾਸ਼ਾਂ' 'ਪਾਤਾਲਾਂ', ਧਰਤੀਆਂ ਤੇ 'ਖਾਣੀਆਂ' ਵਿੱਚ ਰਚੀ ਹੋਈ ਦੱਸਿਆ ਹੈ ਪਰ ਨਾਲ ਹੀ ਇਹ ਵੀ ਕਿਹਾ ਹੈ ਇਸ ਭੇਦ ਨੂੰ ਕੋਈ ਭਾਗਾਂ ਵਾਲਾ ਹੀ ਜਾਣ ਸਕਦਾ ਹੈ।

"ਵੇਖ ਵਿਡਾਣ ਰਹਿਆ ਵਿਸਮਾਦ ਨਾਨਕ ਬੁੱਝਣ ਪੂਰੇ ਭਾਗ॥"

'ਜਪੁਜੀ' ਵਿੱਚ ਗੁਰੂ ਜੀ ਨੇ ਪ੍ਰਕ੍ਰਿਤੀ ਦੇ ਵੰਨ ਸੁੰਵਨੇ ਰੂਪਾਂ ਦੇ ਘੜਨਹਾਰੇ ਨੂੰ ਬ੍ਰਹਮਾਂ ਕਿਹਾ ਹੈ :-

'ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥'

'ਤੁਖਾਰੀ' ਰਾਗ ਵਿੱਚ ਗੁਰੂ ਨਾਨਕ ਦੇਵ ਜੀ ਕੁਦਰਤ ਦੇ ਵੰਨ-ਸੁੰਵਨੇ ਰੂਪਾਂ ਨੂੰ ਲੋਕ ਪ੍ਰਚਲਤ ਕਾਵਿ ਬਾਰਾਂ ਮਾਹ ਵਿੱਚ ਪ੍ਰਗਟ ਕੀਤਾ ਹੈ। ਇਥੇ ਆਪ ਜੀ ਨੇ ਆਪਣੇ ਆਪ ਨੂੰ ਇੱਕ ਬਿਰਹਨ ਇਸਤ੍ਰੀ ਦੇ ਦਿਲ ਵਿੱਚ ਬੈਠਕੇ ਪਿਆਰੇ ਦੇ ਮਿਲਾਪ ਦੀ ਉਡੀਕ ਦੱਸੀ ਹੈ। ਬਿਰਹਾ ਤੇ ਵਸਲ ਦੀਆਂ ਇਹਨਾਂ ਦਿਸ਼ਾਵਾਂ ਨੂੰ ਸਪੱਸ਼ਟ ਕਰਨ ਵਾਲੀ ਪ੍ਰਕ੍ਰਿਤੀ ਇੱਕ ਸਹਾਇਕ ਦੇ ਤੌਰ ਤੇ ਦ੍ਰਿਸ਼ਟੀਮਾਨ ਹੋਈ ਹੈ। ਚੇਤ ਵਿੱਚ ਬਸੰਤ ਦੀ

(ਬਾਕੀ ਪੰਨਾ ੨੧ ਤੇ ...)


www.AKJ.Org

# ਕੀਤੋ ਸੁ ਆਪਣਾ ਪੰਥ ਨਿਰਾਲਾ

ਪ੍ਰੋਫੈਸਰ ਜੋਗਿੰਦਰ ਸਿੰਘ ਮੈਂਬਰ : ਦਿੱਲੀ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ

(1) ਧਰਤੀ ਦੀ 'ਮਾਨਸ-ਪੁਕਾਰ' ਸੁਣ ਕੇ ਜਾਂ ਧਰਤ-ਲੁਕਾਈ ਨੂੰ ਸੋਧਣ ਵਾਸਤੇ ਜਦੋਂ ਕਦੀ ਵੀ ਅਕਾਲ ਪੁਰਖ ਕਿਸੇ 'ਵੱਡੇ ਪੁਰਸ਼' ਨੂੰ ਪ੍ਰਗਟ ਕਰਦਾ ਹੈ, ਜਾਂ ਭੇਜਦਾ ਹੈ, ਤਾਂ ਉਸ ਦਾ ਪਹਿਲਾ ਕੰਮ ਇਹੀ ਹੁੰਦਾ ਹੈ, ਕਿ ਉਹ ਆਪਣੇ ਨਵੇਂ 'ਪੰਥ' ਦੀ ਸਿਰਜਨਾ ਕਰਦਾ ਹੈ। ਪੰਥ-ਸਿਰਜਨਾ ਉਸ ਲਈ ਇਸ ਕਰ ਕੇ ਜ਼ਰੂਰੀ ਹੋ ਜਾਂਦਾ ਹੈ, ਕਿ ਜਿਹੜਾ ਪੈਗਾਮ, ਜਿਹੜਾ ਸੰਦੇਸ਼ ਜਿਹੜੀ ਜੀਵਨ-ਮਰਯਾਦਾ ਉਹ ਆਪਣੇ ਪ੍ਰਭੂ ਕੋਲੋਂ ਲੈ ਕੇ ਆਉਂਦਾ ਹੈ, ਆਪਣੇ, 'ਪੰਥ' ਰਾਹੀਂ ਉਸ ਪੈਗਾਮ, ਸੰਦੇਸ਼ ਜਾਂ ਜੀਵਨ-ਮਰਯਾਦਾ ਨੂੰ ਸੰਸਾਰ-ਸਨਮੁਖ ਉਜਾਗਰ ਕਰ ਦਿੰਦਾ ਹੈ। ਧਰਮ, ਹਰ ਵਰਨ, ਹਰ ਮਜ਼੍ਹਬ, ਹਰ ਜਾਤਿ, ਹਰ ਸਭਿਅਤਾ ਵਿਚ ਨਵੇਂ 'ਪੰਥ' ਦਾ ਸਿਰਜਨ ਇਸੇ ਭਾਵਨਾ ਅਧੀਨ ਹੀ ਹੋਇਆ ਹੈ ਅਤੇ ਹੁੰਦਾ ਹੈ। ਇਹ ਵੀ ਇਤਿਹਾਸਕ ਅਤੇ ਅਧਿਆਤਮਿਕ ਸੱਚ ਹੈ, ਕਿ 'ਪੰਥ' ਦੀ ਸਿਰਜਨਾ ਉਹੀ ਕਰਦਾ ਹੈ, ਜਿਸ ਨੂੰ ਪ੍ਰਭੂ ਨੇ ਆਪ ਭੇਜਿਆ ਹੁੰਦਾ ਹੈ। ਭੇਜਨ ਵਾਲਾ ਆਪ ਸਦਾ ਇਕ ਰਹਿੰਦਾ ਹੈ, ਉਸ ਦਾ ਨਾਮ, ਪੰਥ ਤੇ ਸਰੂਪ ਵੀ ਸਦਾ ਇਕ ਰਹਿੰਦਾ ਹੈ, ਪਰ ਪ੍ਰਭੂ ਵਲੋਂ ਭੇਜਿਆ ਹੋਇਆ 'ਮਹਾਂਪੁਰਸ਼' ਧਰਤੀ ਉਤੇ ਆ ਕੇ, ਆਪਣੀ ਹਉ ਅਧੀਨ ਐਸਾ ਪ੍ਰਗਟਾਵਾ ਕਰਨ ਲਗ ਪੈਂਦਾ ਹੈ, ਕਿ ਉਸ ਦਾ ਪੰਥ 'ਪ੍ਰਭ-ਪੰਥ' ਰਹਿ ਕੇ ਜਾਤੀ ਜਾਂ ਵਿਅਕਤੀਗਤ, 'ਪੰਥ' ਬਣ ਜਾਂਦਾ ਹੈ। ਜਦੋਂ ਪੰਥ ਜਾਤਿ ਜਾਂ ਵਿਅਕਤੀਗਤ ਉਤੇ ਕੇਂਦਰਿਤ ਹੋ ਜਾਂਦਾ ਹੈ, ਤਾਂ ਪੰਥ ਵਿਚ ਅਨੇਕਤਾ ਤੇ ਵੱਖਰਤਾ ਆ ਜਾਂਦੀ ਹੈ, ਜਿਥੇ ਵੱਖਰਤਾ ਦਾ ਅਹਿਸਾਸ ਹੋਵੇ। ਉਥੇ 'ਵਿਰੋਧ ਸਹਿਜੈ ਹੀ ਉਪਜ ਪੈਂਦਾ ਹੈ, ਜਦੋਂ ਵਿਰੋਧ ਵਿਚ ਭਰਮ, ਪਾਪ ਤੇ ਪਾਖੰਡ ਪ੍ਰਵੇਸ਼ ਕਰ ਜਾਵੇ, ਸਾਰੇ ਪਾਸੇ ਵਰਤਾਰਾ ਹੀ ਐਸਾ ਹੋ ਜਾਵੇ, ਤਾਂ ਵੱਡਾ ਪੁਰਖ ਪ੍ਰਗਟ ਕਰਨ ਲਈ ਪ੍ਰਭੂ ਕੋਲ ਸਮੇਂ ਸਮੇਂ ਪੁਕਾਰ ਹੁੰਦੀ ਹੈ। ਐਸੀ ਹੀ ਪੁਕਾਰ ਸੁਣ ਕੇ, 'ਕਲਿ ਤਾਰਨ' ਲਈ ਗੁਰੂ ਨਾਨਕ ਦੇਵ ਜੀ ਨੂੰ ਸਮਰੱਥ ਤੇ ਸੰਪੂਰਨ ਗੁਰੂ ਬਣਾ ਕੇ ਧਰਮ-ਲੁਕਾਈ ਨੂੰ ਸੋਧਣ ਵਾਸਤੇ, 1469 ਵਿਚ, ਨਨਕਾਣਾ ਸਾਹਿਬ ਦੀ ਧਰਤੀ ਉਤੇ ਪ੍ਰਕਾਸ਼-ਮਾਨ ਕੀਤਾ ਗਿਆ।

੨ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 'ਜੋਤਿ ਰੂਪਿ ਹਰਿ ਆਪਿ' ਦਾ ਪ੍ਰਕਾਸ਼ ਹੈ। ਕਲਾਧਾਰਿ ਨਰਾਇਣ ਦਾ ਜੱਗ-ਪ੍ਰਵੇਸ਼ ਹੈ, ਚਿਰਾਗ ਰੂਪ ਸੂਰਜ ਦੇ ਚਾਨਣ ਦਾ ਪ੍ਰਕਾਸ਼ ਹੈ, ਜਿਸ ਨਾਲ ਭਰਮ ਦੀ ਧੁੰਦ, ਪਾਪ ਤੇ ਪਾਖੰਡ ਦਾ ਅੰਧੇਰਾ ਸਹਿਜੇ ਹੀ ਮਿਟ ਜਾਂਦਾ ਹੈ। ਇਹੀ ਕਾਰਨ ਹੈ, ਕਿ ਗੁਰੂ ਨਾਨਕ ਦੇਵ ਜੀ ਨੇ ਜੱਗ-ਪ੍ਰਵੇਸ਼, ਖਾਸ ਕਰ ਕੇ ਆਪਣੀ ਉਦਾਸੀ ਸਮੇਂ ਵਿਚ, ਭਾਰਤ ਅਤੇ ਇਸਲਾਮੀ ਧਰਮ-ਵਰਨਾਂ ਦੀ ਜੋ ਧਾਰਮਿਕਤਾ, ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਸਥਿਤੀ, ਗਿਰਾਵਟ ਤੇ ਆਪਸੀ ਵਿਰੋਧ-ਵੱਖਤਰਾ ਦੇਖੀ, ਉਸ ਨੂੰ ਸੋਧਣ ਲਈ ਵੀ ਗੁਰੂ ਨਾਨਕ ਦੇਵ ਜੀ ਨੇ ਇਕ ਇਤਿਹਾਸਕ ਯਤਨ ਕੀਤਾ ਤੇ ਇਕ 'ਨਿਰਾਲੇ ਪੰਥ' ਦੀ ਸਿਰਜਨਾ ਕਰ ਕੇ, ਆਪਣੇ ਹੋਂਦ-ਹਸਤੀ ਤੇ ਹਸਤੀਆਂ ਨੂੰ ਵੱਖਰਾ ਕਰ ਲਿਆ। ਨਾ ਹਿੰਦੂ ਨਾ ਮੁਸਲਮਾਨ ਦਾ ਐਲਾਨ ਇਹ ਸਪੱਸ਼ਟ ਕਰਦਾ ਹੈ, ਕਿ ਗੁਰੂ ਨਾਨਕ ਦੇਵ ਜੀ ਵੇਲੇ ਹਿੰਦੂ-ਮੁਸਲਮਾਨ ਜਿਸ ਜਿਸ ਪੰਥ ਵਿਚ, ਜਾਂ ਜੀਵਨ-ਮਰਯਾਦਾ ਵਿਚ ਜੀਉ ਜਾਂ ਵਿਚਰ ਰਹੇ ਸਨ- ਗੁਰੂ ਨਾਨਕ ਦੇਵ ਜੀ ਨੂੰ ਧਰਮ ਜਾਂ ਸਿਰਜਨਾਤਮਿਕ ਪੰਥ, ਉਹ ਬਿਲਕੁੱਲ ਪਸੰਦ ਨਹੀਂ ਸੀ। ਗੁਰੂ ਨਾਨਕ ਦੇਵ ਜੀ ਜੀਵਨ ਦੇ ਜਿਸ ਖੇਤਰ ਵਿਚ ਵੀ ਵਿਚਰੇ, ਉਹ ਨਿਰੰਤਰ ਸਿਰਜਨਾਤਮਿਕ ਹੋ ਕੇ ਹੀ ਵਿਚਰੇ। ਜਿਥੇ ਜਿਥੇ ਗੁਰੂ ਨਾਨਕ ਦੇਵ ਜੀ ਦੀ ਨਿਖੇਧਾਤਮਿਕ ਬਿਰਤੀ ਪ੍ਰਚੰਡ ਹੋਈ ਹੈ, ਉਹ ਸਿੱਧੇ ਤੇ ਸਪੱਸ਼ਟ ਰੂਪ ਵਿਚ ਹਿੰਦੂ, ਮੁਸਲਮਾਨ, ਜੋਗੀ ਤੇ ਜੈਨੀਆਂ-ਪੰਥਾਂ ਦਾ ਨਿਰਾਰਥਿਕ ਜੀਵਨ-ਕ੍ਰਿਆ ਬਾਰੇ ਹੀ ਪ੍ਰਚੰਡ ਹੋਈ ਹੈ। ਕਿਸੇ ਧਰਮ-ਦੁਆਰ, ਰੰਗ ਜਾਤਿ, ਰੂਪ-ਰੰਗ, ਮਾਨਸ-ਜਾਤਿ, ਪੋਸ਼ਾਕ-ਸਭਿਆਚਾਰ, ਬੋਲੀ-ਪਾਸਾਰ ਨੂੰ ਗੁਰੂ ਨਾਨਕ ਦੇਵ ਜੀ ਨੇ ਨਿਖੇਧ-ਜੀਵਨ ਵਿਚ ਨਹੀਂ ਲਿਆਂਦਾ। ਗੁਰੂ ਨਾਨਕ ਜੀ ਦੇ ਸਥਾਪਿਤ ਕੀਤੇ ਨਿਰਮਲ, ਤੇ ਨਿਰਾਲੇ ਪੰਥ ਤੋਂ ਇਹ ਵੀ ਸਪੱਸ਼ਟ ਦਿਸਦਾ ਹੈ, ਕਿ ਗੁਰੂ ਨਾਨਕ-ਘਰ ਵਿਚ ਉਸ ਮਨ-ਜਾਤਿ, ਬਚਨ-ਸੋਚ, ਕਰਮ-ਕ੍ਰਿਆ ਤੇ ਕੂੜ-ਆਚਾਰ ਨੂੰ ਸਵੀਕਾਰ ਨਹੀਂ ਕੀਤਾ ਗਿਆ, ਜਿਹੜਾ ਮਾਨਸ-ਜਾਤਿ ਨੂੰ ਰੱਬ ਨਾਲੋਂ ਵਿਛੋੜਦਾ ਹੈ। ਮਾਨਸ-ਮਾਨਸ ਵਿਚ ਵੰਡ, ਵਿਤਕਰਾ ਤੇ ਵਿਰੋਧ ਪੈਦਾ

ਕਰਦਾ ਹੈ। ਮਾਨਵਤਾ ਨੂੰ ਸਾਂਝੀਵਾਲਤਾ ਤੇ ਸਦਭਾਵਨਾ ਤੋਂ ਵੰਚਿਤ ਕਰਦਾ ਹੈ, ਜਿਹੜਾ ਜੀਵਨ-ਆਚਾਰ ਨੂੰ ਮੂਲਾ, ਮੰਦ-ਭਾਵਨਾ ਦੇ ਦੁਸ਼ਟ-ਬਿਰਤੀਆਂ ਵਾਲਾ ਸਿਰਜਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਤੇ ਗਿਰਾਵਟ-ਭਰੀ ਸਥਿਤੀ ਵਿਚ ਇਕ ਨਵੇਂ ਨਿਰੋਲ, ਨਿਰਮਲ ਤੇ ਨਿਰਾਲੇ ਪੰਥ ਦੀ ਸਿਰਜਨਾ ਕੀਤੀ, ਜਿਸ ਨੇ ਆਪਣੇ ਸਦ ਗੁਣਾਂ ਸਾਰਥਿਕ-ਸਿਧਾਂਤਾ, ਸਿਰਜਨਾਤਮਿਕ ਭਾਵਨਾ ਤੇ ਸਰਬੱਤ ਦੇ ਭਲੇ ਵਿਹਾਰ ਰਾਹੀਂ ਇੰਨੀ ਮਾਨਤਾ ਤੇ ਮਹਾਨਤਾ ਪ੍ਰਾਪਤ ਕਰ ਲਈ, ਕਿ ਹਰ ਕਿਸੇ ਨੂੰ ਸਵੀਕਾਰ ਕਰਨਾ ਪਿਆ, ਕਿ ਗੁਰੂ ਨਾਨਕ ਦੇਵ ਜੀ ਦਾ ਸਿਰਜਿਆ ਧਰਮ-ਪੰਥ ਇਕ ਮੌਲਿਕ ਤੇ ਨਿਰਾਲਾ (ਸਭ ਤੋਂ ਵੱਖਰਾ) ਧਰਮ ਪੰਥ ਹੈ।

(4) ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਾਰਤੀ ਧਰਤੀ ਉਤੇ ਤਿੰਨ ਧਰਮ-ਪੰਥਾਂ ਦਾ ਬੋਲਬਾਲਾ ਸੀ। ਹਿੰਦੂਆਂ ਕੋਲ ਆਪਣਾ ਧਰਮ-ਪੰਥ ਸੀ। ਪੂਜਾ-ਗ੍ਰੰਥ ਵੇਦ ਤੇ ਸ਼ਾਸਤਰ ਸਨ। ਇਸ਼ਟ ਕੇਂਦਰ ਮੰਦਰ ਸਨ। ਸ਼ਰਧਾ-ਪ੍ਰਗਟਾ ਦੇਵੀ-ਦੇਵਤਿਆਂ ਪ੍ਰਤੀ ਸੀ। ਵਰਨ-ਰੂਪ ਰੰਗ ਚਾਰ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਸੀ। ਹਰ ਪਖੋਂ ਹਉ 'ਤੇ ਆਪਾ-ਧਾਪੀ ਪ੍ਰਧਾਨ ਸੀ। ਸੱਚ ਤੇ ਨਿੰਮਰਤਾ, ਪ੍ਰੇਮ ਤੇ ਤਿਆਗ ਤੇ ਕੁਰਬਾਨੀ ਵਰਗੇ ਗੁਣ ਜੀਵਨ ਵਿਚੋਂ ਬਿਲਕੁੱਲ ਗਵਾਚ ਗਏ ਸਨ। ਅਜਿਹਾ ਹੀ ਧਰਮ-ਪੰਥ ਮੁਸਲਮਾਨਾਂ ਦਾ ਸੀ। ਪੂਜਾ-ਗ੍ਰੰਥ ਵੇਦ ਨਹੀਂ, ਕੁਤੇਬ ਸਨ। ਇਸ਼ਟ ਕੇਂਦਰ ਰੰਗ-ਬਨਾਰਸ ਨਹੀਂ ਮੱਕਾ, ਮਦੀਨਾ ਤੇ ਬਗਦਾਦ ਸਨ, ਸ਼ਰਧਾ-ਪ੍ਰਗਟਾ ਦੇਵੀ-ਦੇਵਤਿਆਂ ਉਤੇ ਨਹੀਂ, ਨਿਮਾਜ਼ਾਂ ਉਤੇ ਸੀ, ਮੰਦਰਾਂ ਨੂੰ ਢਾਹ ਕੇ ਮਸੀਤ ਉਸਾਰਨਾ ਇਹ ਵਧੇਰੇ ਪੁੰਨ ਸਮਝਿਆ ਜਾਂਦਾ ਸੀ। ਭਰਮ, ਪਾਪ ਤੇ ਪਾਖੰਡ ਸਭ ਪਾਸੇ ਸੀ। ਜੋਗੀ ਤਾਂ ਬਾਰਾਂ ਪੰਥਾਂ ਵਿਚ ਵੰਡਿਆਂ ਹੋਇਆ ਸੀ। ਜਦੋਂ ਸਿੱਧ-ਜੋਗੀ-ਨਾਥਾਂ ਨੂੰ ਗੁਰੂ ਨਾਨਕ ਦੇਵ ਜੀ ਪਰਬਤਾਂ ਉਤੇ ਮਿਲੇ, ਮੇਲ-ਮੁਲਾਕਾਤਾਂ ਵਿਚ ਜੀਵਨ-ਜੁਗਤਿ ਬਾਰੇ ਅਨੇਕਾਂ ਪ੍ਰਸ਼ਨ ਉੱਤਰ ਹੋਏ ਤਾਂ ਜੋਗੀਆਂ ਨੇ ਫੈਸਲਾ ਕਰ ਲਿਆ, ਕਿ ਜੇ ਗੁਰੂ ਨਾਨਕ ਦੇਵ ਜੀ ਸਾਡੇ ਪੰਥ ਵਿਚ ਆ ਜਾਣ, ਤਾਂ ਸਾਡਾ ਪੰਥ ਹੋਰ ਉਜਾਗਰ ਹੋ ਸਕਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਇਸ ਤੱਥ ਬਾਰੇ ਗਵਾਹੀ ਭਰੀ ਹੈ। :

ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ

ਗੁਰੂ ਨਾਨਕ ਦੇਵ ਜੀ ਦੇ ਪ੍ਰਭਾਵਸ਼ਾਲੀ ਜੀਵਨ-ਜੁਗਤਿ ਤੇ ਜੀਵਨ-ਸੋਚ ਨੂੰ ਸੁਣ-ਵੇਖ ਕੇ ਐਸਾ ਮਹਿਸੂਸ ਹੋਇਆ, ਕਿ ਕਲਿਜੁਗ ਵਿਚ ਗੁਰੂ ਨਾਨਕ ਦੇਵ ਜੀ ਬਹੁਤ ਪ੍ਰਤਿਭਾਸ਼ਾਲੀ ਜੋਗੀ ਹਨ। ਗੁਰੂ ਨਾਨਕ ਦੇਵ ਜੀ ਜੋਗੀ-ਪਰੰਪਰਾ ਦੇ ਜੋਗੀ ਨਹੀਂ ਸਨ। ਹਿੰਦੂ ਮੁਸਲਮਾਨ ਤੇ ਜੋਗੀ-ਪੰਥਾਂ ਵਿਚ ਧਰਮ ਦੀ ਗਤਿ ਮੁਕ ਚੁਕੀ ਸੀ। ਇਹੀ ਕਾਰਨ ਹੈ, ਕਿ ਸਮਕਾਲੀ ਧਰਮਾਂ ਤੇ ਧਰਮ-ਆਗੂਆਂ ਬਾਰੇ ਆਖਣਾ ਪਿਆ, ਕਿ ਇਹ ਤਿੰਨ ਸਿਰਜਨ ਦੀ ਥਾਂ ਉਜਾੜ ਦਾ ਕਾਰਨ ਬਣ ਰਹੇ ਸਨ। ਅਜਿਹੇ ਹਾਲਾਤ ਵਿਚ ਗੁਰੂ ਨਾਨਕ ਦੇਵ ਜੀ ਨੇ ਜਿਹੜਾ ਤੀਸਰਾ, ਨਿਰਾਲਾ ਤੇ ਮੌਲਿਕ 'ਪੰਥ ਸਿਰਜਿਆ, ਉਸ ਦਾ ਮੂਲ ਹੋਰ ਸਾਰਥਿਕ ਬਣ ਗਿਆ।

(5) ਗੁਰੂ ਨਾਨਕ ਦੇਵ ਜੀ ਨੇ ਜਿਸ 'ਪੰਥ' ਦੀ ਸਿਰਜਨਾ ਕੀਤੀ, ਉਹ ਮੂਲ ਰੂਪ ਵਿਚ ਨਿਰਮਲ ਵੀ ਹੈ ਅਤੇ ਨਿਰਾਲਾ ਵੀ ਹੈ। ਜੇ ਗੁਰੂ ਨਾਨਕ ਦੇਵ ਜੀ ਨੂੰ ਹਿੰਦੂ ਕੇਂਦਰਾਂ ਉਤੇ ਜਾਣ ਦਾ ਮੌਕਾ ਬਣਿਆ, ਤਾਂ ਉਹਨਾਂ ਨੇ ਹਿੰਦੂ-ਕ੍ਰਿਆ ਕਰਦਿਆਂ ਵੀ ਆਪਣੀ ਨਿਰਮਲਤਾ ਤੇ ਨਿਰਾਲੇਪਣ ਨੂੰ ਛੱਡਿਆ ਨਹੀਂ। ਜਨੇਊ, ਆਰਤੀ ਤੇ ਪਿੱਤਰਾਂ ਨੂੰ ਪਾਣੀ ਦੀਆਂ ਸਾਰੀਆਂ ਰਸਮਾਂ ਤੇ ਕ੍ਰਿਆਵਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਪੰਪਰਾ ਤੇ ਵਿਲੱਖਣਤਾ ਨੂੰ ਕਾਇਮ ਰੱਖਿਆ ਹੈ। ਨਿਮਾਜ਼ ਪੜ੍ਹੀ ਹੈ ਪਰ ਮੁਸਲਮਾਣਾਂ ਵਾਲੀ ਨਹੀਂ, ਜੇ ਅੱਲਾਹ ਦੀ ਕੀਰਤੀ ਗਾਇਨ ਕੀਤੀ ਹੈ, ਤਾਂ ਆਪਣੇ ਹੀ ਢੰਗ ਨਾਲ। ਜੇ ਸਤ ਪਾਤਾਲ ਤੇ ਸਤ ਆਗਾਸ ਦੇ ਵਿਸ਼ਵਾਸ ਨੂੰ ਸੋਧਿਆ ਹੈ, ਤਾਂ ਆਪਣੀ ਹੀ ਵਿਧੀ ਨਾਲ। ਸਿੱਧਾਂ-ਜੋਗੀਆਂ ਦੇ ਪਰਬਤਾਂ ਉਤੇ ਜਾ ਕੇ ਭਾਵੇਂ ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਹੀ ਕਰਾਮਾਤਾਂ ਤੇ ਮੰਤਰਾਂ-ਜੰਤਰਾਂ ਦੇ ਪ੍ਰਗਟਾ ਦੇਖੇ ਹਨ। ਸਿੱਧਾਂ-ਜੋਗੀਆਂ ਨੇ ਵੀ ਗੁਰੂ ਨਾਨਕ ਦੇਵ ਜੀ ਨੂੰ ਬੜੇ ਜ਼ੋਰ ਨਾਲ ਆਖਿਆ ਸੀ ਕਿ, ਸਾਨੂੰ ਵੀ ਕੋਈ ਕਰਾਮਾਤ ਦਿਖਾਓ। ਪਰ ਗੁਰੂ ਨਾਨਕ ਦੇਵ ਜੀ ਨੇ ਭਾਈ ਗੁਰਦਾਸ ਜੀ ਦੀ ਬੋਲੀ ਵਿਚ ਸਪੱਸ਼ਟ ਆਖਿਆ ਸੀ ਕਿ 'ਗੁਰ ਸੰਗਤ ਤੇ ਬਾਣੀ' ਬਿਨਾਂ ਨਾ ਕੋਈ ਮੇਰੀ ਓਟ ਹੈ ਅਤੇ ਨਾ ਹੀ ਕੋਈ ਕਰਾਮਾਤ ਹੈ। ਗੁਰੂ ਨਾਨਕ

ਦੇਵ ਜੀ ਨੇ ਸ਼ਬਦ ਰੂਪੀ ਬਾਣੀ ਦਾ ਅਜਿਹਾ ਨਿਰਮਲ ਤੇ ਨਿਰਾਲਾ ਗਿਆਨ ਮੂਰਤੀਮਾਨ ਕੀਤਾ, ਕਿ ਕੇਵਲ ਸਿੱਧ ਮੰਡਲੀ ਹੀ ਨਾ ਜਿੱਤੀ ਗਈ, ਸਗੋਂ ਸਿੱਧ-ਜੋਗੀਆਂ ਨੂੰ ਕਹਿਣਾ ਪਿਆ, ਕਿ ਗੁਰੂ ਨਾਨਕ ਦੇਵ ਜੀ ਦਾ 'ਪੰਥ' ਸਭ ਧਰਮ-ਪੰਥਾਂ ਤੋਂ ਵੱਖਰਾ ਤੇ ਨਿਰਾਲਾ ਹੈ

(6) ਗੁਰੂ ਨਾਨਕ ਦੇਵ ਜੀ ਦੇ ਪੰਥ ਦੇ ਮੁੱਖ ਰੂਪ ਦੋ ਆਧਾਰ ਹਨ। ਪਹਿਲਾ ਆਧਾਰ ਹੈ- 'ਗੁਰ ਸੰਗਤ' ਅਤੇ ਦੂਜਾ ਆਧਾਰ ਹੈ 'ਬਾਣੀ'। ਗੁਰ-ਸੰਗਤ ਦਾ ਭਾਵ ਹੈ- ਗੁਰੂ ਦੀ ਸੰਗਤ। ਗੁਰੂ ਦਾ ਸੰਕਲਪ ਭਾਵੇਂ ਅਧਿਆਤਮਿਕ ਗਿਆਨ ਦੀ ਸੰਪੂਰਨ ਸਮਰੱਥਾ ਦਾ ਪ੍ਰਤੀਕ ਹੈ। ਪਰ ਗੁਰੂ-ਪ੍ਰਮੇਸ਼ਰ ਸਦਾ ਸੰਗਤ ਵਿਚ ਵਸਦਾ ਹੈ। ਗੁਰ-ਸੰਗਤ ਉਹੀ ਹੈ, ਜਿਹੜੀ ਗੁਰੂ-ਮਾਰਗ ਦੀ ਧਾਰਨੀ ਹੈ। ਜਦੋਂ ਗੁਰ-ਸੰਗਤ ਵਾਲੇ ਨਾਮ-ਸਿਮਰਨ, ਸਿਫ਼ਤ ਸਾਲਾਹ, ਸੇਵਾ-ਪਰ ਉਪਕਾਰ ਤੇ ਸੁਖ-ਸਹਿਜ-ਆਨੰਦ ਤੇ ਮੰਡਲ ਵਿਚ ਇਕਮੁੱਠ ਤੇ ਇਕਰੂਪ ਹੋ ਬੈਠਣ, ਤਾਂ 'ਪ੍ਰਭੂ' ਪ੍ਰਾਪਤੀ ਲਈ ਇਹ ਗੁਰ-ਸੰਗਤ 'ਇਕ ਉਤਮ ਪੰਥ ਵੀ ਬਣ ਜਾਂਦੀ ਹੈ। ਇਕ ਉਤਮ ਪੰਥ ਦਾ ਮਾਰਗੀ ਜਾਂ ਮੈਂਬਰ ਹੀ ਅਖੀਰ ਸੱਚਖੰਡ ਦਾ ਵਾਸੀ ਬਣ ਜਾਂਦਾ ਹੈ। ਕੂੜ, ਦੁਬਿੱਧਾ, ਭਰਮ, ਪਾਖੰਡ ਤੇ ਪਾਪ-ਬਿਰਤੀ ਤੋਂ ਉਹ ਉਚਾ ਤੇ ਪਵਿੱਤਰ ਹੋ ਜਾਂਦਾ ਹੈ। ਅੰਦਰੋਂ-ਬਾਹਰੋਂ ਉਸ ਦੀ ਪ੍ਰਸ਼ ਤੇ ਮੈਲ-ਬਿਰਤੀ ਮੁਕ ਜਾਂਦੀ ਹੈ। ਚੂੰਕਿ 'ਗੁਰੂ' ਸਦਾ ਨਿਰਮਲ ਹੈ, ਇਸ ਲਈ ਗੁਰ-ਸੰਗਤ ਵਿਚ ਬੈਠਣ ਵਾਲਾ ਵੀ ਨਿਰਮਲ ਹੋ ਜਾਂਦਾ ਹੈ। ਉਹ ਸੰਸਾਰ ਨੂੰ ਤਿਆਗ ਕੇ ਪਹਾੜ ਜਾਂ ਜੰਗਲਾਂ ਵਿਚ ਨਹੀਂ ਜਾਂਦਾ। ਉਹ ਗੁਰੂ-ਸੰਗਤ ਵਿਚ ਰਹਿ ਕੇ ਵੀ ਕਿਰਤ ਕਰਨਾ, ਨਾਮ ਜਪਣਾ, ਵੰਡ ਛੱਕਣਾ ਤੇ ਸਰਬੱਤ ਦੇ ਭਲੇ ਲਈ ਸੋਚਣਾ ਵਿਚ ਵਿਸ਼ਵਾਸ ਰੱਖਦਾ ਹੈ। ਇਹੀ ਗੁਰੂ ਨਾਨਕ ਦੇਵ ਜੀ ਦੇ 'ਪੰਥ' ਦਾ ਨਿਰਾਲਾਪਣ ਹੈ। ਇਸੇ ਨਿਰਾਲੇਪਣ ਕਰ ਕੇ ਧਰਮਾਂ ਦੇ ਇਤਿਹਾਸ ਵਿਚ ਗੁਰੂ ਨਾਨਕ-ਪੰਥ ਦੀ ਮੌਲਿਕਤਾ ਤੇ ਵੱਖਰਤਾ ਹੈ।

(7) ਗੁਰੂ ਨਾਨਕ ਦੇਜ ਜੀ ਦੇ ਨਿਰਾਲੇ ਪੰਥ ਦਾ ਦੂਜਾ ਆਧਾਰ 'ਬਾਣੀ' ਹੈ। 'ਬਾਣੀ' ਗੁਰੂ ਨਾਨਕ ਦੇਵ ਜੀ ਦੇ ਅਕਾਲ ਤੇ ਜੋਤਿ ਰੂਪ ਦਾ ਸੰਪੂਰਨ ਦਰਸ਼ਨ ਦੀਦਾਰ ਹੈ। ਗੁਰੂ ਨਾਨਕ ਦੇਵ ਜੀ ਦਾ ਗਿਆਨ-ਅਨੁਭਵ, ਕਿਰਤ-ਵਿਹਾਰ, ਸੋਚ-ਚਿੰਤਨ, ਸਮਾਜ-ਸੁਧਾਰ, ਸਭਿਆਚਾਰਕ ਤੇ ਰਾਜਸੀ ਜਾਗ੍ਰਿਤੀ, ਤੇ ਸਿਰਜਨਾਤਮਿਕ ਆਦਰਸ਼ ਇਹ ਵੀ ਸ਼ੁੱਧ ਰੂਪ ਵਿਚ ਬਾਣੀ ਵਿਚੋਂ ਹੀ ਵੇਖਿਆ ਵਾਚਿਆ ਜਾ ਸਕਦਾ ਹੈ। ਬਾਣੀ ਹੀ ਗੁਰੂ ਨਾਨਕ ਦੇਵ ਜੀ ਹੈ। ਬਾਣੀ ਵਿਚ ਹੀ ਸਾਰੀ ਗੁਰੂ-ਪ੍ਰੰਪਰਾ ਦਾ ਪ੍ਰਕਾਸ਼ ਹੈ। ਜਦੋਂ ਬਾਣੀ ਗੁਰੂ ਜਾਂ 'ਗੁਰੂ ਗ੍ਰੰਥ ਸਾਹਿਬ' ਦਾ ਰੂਪ ਗ੍ਰਹਿਣ ਕਰ ਗਈ ਤਾਂ 'ਪੰਥ' ਸਹਿਜੇ ਹੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਆ ਗਿਆ। ਜਿਥੇ ਗੁਰੂ ਨਾਨਕ ਦੇਵ ਜੀ ਦੇ ਦਰ-ਘਰ ਵਿਚ ਗ੍ਰੰਥ ਅਤੇ ਪੰਥ ਦੀ ਸਾਂਝ ਪਈ ਹੈ, ਇਕ ਨਵੀਂ ਜੀਵਨ-ਜੁਗਤਿ, ਇਕ ਨਵੀਂ ਮਰਯਾਦਾ ਬੁੱਧ ਸਭਿਅੱਤਾ, ਇਕ ਨਵੀਂ ਖਾਲਸਾ ਕੌਮ ਦੀ ਉਸਾਰੀ, ਇਹ ਸਭ ਕੁਝ ਬਾਣੀ ਦੀ ਤਾਬਿਆ ਤੇ ਅਗਵਾਈ ਵਿਚ ਹੋਇਆ ਹੈ। ਗੁਰੂ-ਸੰਗਤ ਤੇ ਬਾਣੀ ਦੀ ਓਟ ਵਿਚ ਗੁਰੂ ਨਾਨਕ ਦੇਵ ਜੀ ਨੇ ਜਿਸ ਧਰਮ-ਪੰਥ, ਧਰਮ-ਗ੍ਰੰਥ ਤੇ ਗੁਰੂ-ਗ੍ਰੰਥ-ਪੰਥ ਨੂੰ ਸਿਰਜਿਆ-ਸੰਵਾਰਿਆ ਹੈ, ਉਹ ਆਪਣੇ ਰੂਪ-ਸਰੂਪ ਤੋਂ ਵੀ ਮੌਲਿਕ, ਵੱਖਰਾ ਤੇ ਨਿਰਾਲਾ ਹੈ। ਇਹੀ ਕਾਰਨ ਹੈ, ਕਿ ਅਜੋਕੇ ਧਰਮਾਂ ਜਾਂ ਪੰਥਾ ਵਿਚ ਗੁਰੂ ਨਾਨਕ ਦੇਵ ਜੀ ਦੇ ਧਰਮ-ਪੰਥ ਦੀ ਆਪਣੀ ਵੱਖਰੀ ਹਸਤੀ ਹੈ, ਵੱਖਰੀ ਪਹਿਚਾਣ ਹੈ।


## ਲੇਖਕਾਂ ਪ੍ਰਤੀ ਜ਼ਰੂਰੀ ਬੇਨਤੀ

ਵਿਦਵਾਨ ਲੇਖਕਾਂ ਪ੍ਰਤੀ ਬੇਨਤੀ ਹੈ ਕਿ :

1. ਰਚਨਾਵਾਂ ਕਾਗਜ਼ ਦੇ ਇਕ ਪਾਸੇ ਹੀ ਲਿਖੋ ਜੀ। ੨. ਕੇਵਲ ਅਣਛਪੀਆਂ ਮੌਲਿਕ ਰਚਨਾਵਾਂ ਹੀ ਭੇਜੋ ਜੀ। 3. ਰਚਨਾਵਾਂ ਸਾਫ਼ ਅਤੇ ਸਪਸ਼ੱਟ ਲਿਖਾਈ ਵਿਚ ਲਿਖੀਆਂ ਹੋਣ ਜੀ। 4. ਰਚਨਾਵਾਂ ਮਹੀਨੇ ਦੇ ਸ਼ੁਰੂ ਵਿਚ ਹੀ ਸੂਰਾ ਦਫ਼ਤਰ ਪਹੁੰਚ ਜਾਣ ਤਾਂਕਿ ਆਉਂਦੇਂ ਪਰਚੇ ਵਿਚ ਯੋਗ ਥਾਂ ਤੇ ਲਾਈਆਂ ਜਾ ਸਕਣ। 5. ਰਚਨਾਵਾਂ ਵਿਚ ਇਤਿਹਾਸਕ ਹਵਾਲੇ ਪ੍ਰਮਾਣੀਕ ਹੋਣੇ ਚਾਹੀਦੇ ਹਨ। ਹਵਾਲੇ ਦਾ ਸ੍ਰੋਤ ਵੀ ਨਾਲ ਲਿਖੋ ਜੀ। 6. ਰਚਨਾਵਾਂ ਵਿਚ ਗੁਰਬਾਣੀ ਦੀਆਂ ਤੁਕਾਂ ਸੋਧ ਕੇ ਲਿਖੋ ਜੀ। ਅਤੇ ਪੰਨਾ ਨੰਬਰ ਵੀ ਜ਼ਰੂਰ ਲਿਖਿਆ ਹੋਵੇ ਜੀ।

ਧੰਨਵਾਦ ਸਹਿਤ — ਦਾਸਰਾ -ਸੰਪਾਦਕ





www.AKJ.Org

# ਗੁਰੂ ਨਾਨਕ ਆਗਮਨ

(ਗਿਆਨੀ ਗੋਪਾਲ ਸਿੰਘ ਮਿੱਤਰ)

ਪ੍ਰਕਾਸ਼ ਦਿਹਾੜਾ ਏ ਗੁਰੂ ਨਾਨਕ ਪਿਆਰੇ ਦਾ,
ਦੁਖੀਆਂ ਦੇ ਦਰਦੀ ਦਾ ਦੀਨਾਂ ਦੇ ਸਹਾਰੇ ਦਾ
ਪੀਰਾਂ ਦੇ ਪੀਰ, ਵਲੀ ਵਲੀਆਂ ਦੇ ਨਾਇਕ ਦਾ।
ਕਾਲੂ ਦੇ ਚੰਨ ਜੀ ਦਾ ਤ੍ਰਿਪਤਾ ਦੇ ਤਾਰੇ ਦਾ
ਦੁੱਖਾਂ ਦੀ ਚੱਕੀ ਵਿਚ ਪਿਸਦੀ ਹੋਈ ਦੁਨੀਆਂ ਤੇ ਸ਼ਾਂਤੀ ਲੈ ਆਇਆ ਸੀ।
ਪਾਪੀ ਪਾਖੰਡੀਆਂ ਨੂੰ, ਰਾਹ ਮਾਰੂ ਠੱਗਾਂ ਨੂੰ
ਕੌੜੇ ਜਹੇ ਕਪਟੀ ਤੇ 'ਸੱਜਣ' ਜਹੇ ਬੱਗਾਂ ਨੂੰ ਉਸ ਸੱਜਣ ਬਣਾਇਆ ਸੀ।
'ਹਮਜ਼ਾ' ਜਹੇ ਹਠੀ ਅਤੇ 'ਕੰਧਾਰੀ' ਮਾਨੀ ਜਹੇ,
ਮੱਤੇ ਹੋਏ ਮਦ ਅੰਦਰ 'ਭਾਗੋ' ਅਭਿਮਾਨੀ ਜਹੇ,
ਉਸ ਰਾਹੇ ਪਾ ਦਿਤੇ ਭੁਖਿਆਂ ਦੀ ਆਹਾਂ ਦੇ,
ਲੱਗੇ ਹੋਏ ਪਾਪਾਂ ਦੇ, ਜੰਗਾਲ ਗੁਨਾਹਾਂ ਦੇ,
ਇੱਕੋ ਹੀ ਤੱਕਣੀ ਵਿਚ ਉਸ ਸਾਰੇ ਲਾਹ ਦਿਤੇ।
ਨੈਣਾ ਦੇ ਵਿਚ 'ਮਿੱਤਰ' ਕੋਈ ਚਮਕ ਨਿਰਾਲੀ ਸੀ।
ਜਿਸ ਪਾਸੇ ਵੇਹਦਾ ਸੀ, ਜੀਵਨ ਪਲਟਾ ਦੇਂਦਾ।
ਮਨ ਅੰਦਰ ਮਤਿਆਂ ਨੂੰ, ਤ੍ਰਿਸ਼ਨਾ ਦੇ ਤਤਿਆਂ ਨੂੰ,
ਠੰਡਕ ਵਰਤਾ ਦੇਂਦਾ ਕੋਈ ਅੰਮ੍ਰਿਤ ਪਾ ਦੇਂਦਾ।
ਬਾਬਰ ਜਿਹਾ ਜਾਬਰ ਵੀ ਚਰਨਾਂ ਤੇ ਆਣ ਪਏ।
ਜਦ ਤਕਿਆਂ ਅੱਖਾਂ ਨੇ, ਕੋਈ ਨੂਰ ਇਲਾਹੀ ਏ,
ਸੋਮਾ ਸ਼ੀਤਲਤਾ ਦਾ, ਸਾਗਰ ਮਾਨਵਤਾ ਦਾ, ਇਹ ਮਿਠਾ ਮਾਹੀ ਏ,
ਡਿਗਾ ਬੇਸੁਧ ਹੋ ਕੇ ਅਣਿਆਲੇ ਬਾਣ ਪਏ।
ਇਸ ਰਬੀ ਸੂਰਤ ਨੂੰ ਇਕ 'ਰਾਏ' ਪਛਾਤਾ ਸੀ।
ਪਰਛਾਵੇਂ ਸੱਪਾਂ ਦੇ, ਖਾਧੇ ਹੋਏ ਖੇਤਾਂ ਨੂੰ, ਜਦ ਹਰਿਆ ਡਿੱਠਾ ਸੀ।
ਦੁਨੀਆਂ ਨੂੰ ਤਾਰਨ ਲਈ ਅੱਲਾ ਹੀ ਆਇਆ ਏ ਉਹ ਏਦਾ ਜਾਤਾ ਸੀ।
ਫਿਰ ਫਿਰ ਕੇ ਦੇਸ਼ਾਂ ਵਿਚ ਦੇਸਾ ਪਰਦੇਸਾਂ ਵਿਚ,ਜਿਸ ਡੁਬਦੇ ਤਾਰੇ ਨੇ।
ਤਾਰੇ ਹੀ ਨਹੀਂ .....ਸੰਸਾਰ ਸਮੁੰਦਰ ਦੇ ਤੂਫਾਨਾਂ ਲਹਿਰਾਂ ਚੋਂ
ਹਥ ਪਾ ਕੇ ਕੱਢੇ ਨੇ ਤੇ ਪਾਰ ਉਤਾਰੇ ਨੇ।
ਲਿਖੀ ਹੈ ਕਣ ਕਣ ਤੇ ਜੋ ਘਾਲ ਉਸ ਘਾਲੀ ਏ,
ਤਾਂਹੀਉਂ ਤੇ 'ਮਿੱਤਰ' ਦੀ ਦੁਨੀਆਂ ਸਭ ਕਹਿੰਦੀ ਏ।
ਉਹ ਸੱਚੇ ਅਰਥਾਂ ਵਿਚ ਭਾਰਤ ਦਾ ਮਾਲੀ ਏ।
ਉਸੇ ਦੀ ਸਦਕਾ ਹੀ ਭਾਰਤ ਦੇ ਬਾਗਾਂ ਵਿਚ ਆਈ ਖੁਸ਼ਹਾਲੀ ਏ।

---

## ਦਿੱਲੀ ਗੁ: ਪ੍ਰਬੰਧਕ ਕਮੇਟੀ ਦਾ ਧੰਨਵਾਦ

ਦਿੱਲੀ ਵਿਖੇ 16 ਤੋਂ 19 ਅਕਤੂਬਰ ਤੱਕ ਹੋਏ ਸਾਲਾਨਾ ਅਖੰਡ ਕੀਰਤਨ ਸਮਾਗਮ ਦੌਰਾਨ ਵੱਖ-ਵੱਖ ਗੁਰਦੁਆਰਿਆਂ ਵਿਖੇ ਸੂਰਾ ਮਾਸਿਕ ਪੱਤਰ ਨੂੰ ਸਟਾਲ ਲਗਾਉਣ ਲਈ ਦਿੱਤੇ ਨਿੱਘੇ ਸਹਿਯੋਗ ਲਈ ਦਿੱਲੀ ਗੁ: ਪ੍ਰਬੰਧਕ ਕਮੇਟੀ ਦਾ ਸੂਰਾ ਪਰਿਵਾਰ ਵਲੋਂ ਹਾਰਦਿਕ ਧੰਨਵਾਦ ਹੈ।



www.AKJ.Org

# ਗੁਰਮਤਿ ਧਰਮ ਦਾ ਸ਼ਬਦ ਗੁਰੂ ਦਾ ਸਿਧਾਂਤ

(ਗਿਆਨੀ ਜਸਮੇਰ ਸਿੰਘ)

ਸ਼ਬਦ ਗੁਰੂ ਦਾ ਸਿਧਾਂਤ ਗੁਰਮਤਿ ਧਰਮ ਦਾ ਅਪਣਾ ਨਿਰੋਲ ਵਖਰਾ ਸਿਧਾਂਤ ਹੈ ਦੁਨੀਆਂ ਦੇ ਹੋਰ ਧਰਮਾਂ ਨੇ ਸ਼ਬਦ ਨੂੰ ਗੁਰੂ ਨਹੀਂ ਮੰਨਿਆ ਪਰ ਗੁਰਮਤਿ ਧਰਮ ਨੇ ਸਪਸ਼ਟ ਤੋਰ ਤੇ ਸਬਦ ਨੂੰ ਗੁਰੂ ਆਖਿਆ ਹੈ। ਗੁਰਮਤਿ ਧਰਮ ਤੋਂ ਛੁੱਟ ਹੋਰਨਾਂ ਧਰਮਾਂ ਨੇ ਸਬਦ ਦੀ ਮਹਤੱਤਾ ਜਰੂਰ ਦਰਸਾਈ ਹੈ ਪਰ ਕਿਸੇ ਵੀ ਧਰਮ ਦੇ ਸੰਚਾਲਕ ਨੇ ਸ਼ਬਦ ਨੂੰ ਗੁਰੂ ਦਾ ਦਰਜਾ ਨਹੀਂ ਦਿੱਤਾ। ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਾਫ ਤੌਰ ਤੇ ਪ੍ਰਗਟਾਇਆ ਹੈ ਕਿ ਉਨ੍ਹਾਂ ਨੇ ਜੋ ਬਾਣੀ ਉਚਾਰਨ ਕੀਤੀ ਹੈ ਇਹ ਅਕਾਲ ਪੁਰਖ ਦੇ ਹੁਕਮ ਨਾਲ ਕੀਤੀ ਹੈ। ਉਨ੍ਹਾਂ ਨੇ ਅਕਾਲ ਪੁਰਖ ਦੇ ਹੁਕਮ ਨੂੰ ਬਾਣੀ ਦੁਆਰਾ ਪ੍ਰਗਟ ਕੀਤਾ ਹੈ।

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥੩॥ (ਪੰਨਾ ੭੬੩)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅੰਦਰ ਅੰਕਿਤ ਬਾਣੀ ਨੂੰ ਸੱਚੀ ਬਾਣੀ, ਧੁਰ ਕੀ ਬਾਣੀ, ਖਸਮ ਕੀ ਬਾਣੀ, ਮਹਾਂ ਪੁਰਖ ਕੀ ਬਾਣੀ ਆਦਿ ਵਿਸ਼ੇਸਣਾਂ ਨਾਲ ਸਤਿਕਾਰ ਦਿਤਾ ਗਿਆ ਹੈ। ਗੁਰੂ ਸਾਹਿਬਾਨ ਭਗਤਾਂ, ਭੱਟਾਂ, ਗੁਰਸਿਖਾਂ ਨੇ ਵਾਹਿਗੁਰੂ ਅਕਾਲ ਪੁਰਖ ਨਾਲ ਆਪਣੀ ਸੁਰਤ ਜੋੜ ਕੇ ਡੂੰਘੇ ਅਨੁਭਵ ਵਿਚ ਜਾ ਕੇ ਬਾਣੀ ਉਚਾਰੀ ਸੀ। ਗੁਰਬਾਣੀ ਰਾਹੀਂ ਸਤਿਗੁਰਾਂ, ਭਗਤਾਂ, ਭੱਟਾਂ ਗੁਰਸਿਖਾਂ ਨੇ ਡੂੰਘੇ ਭੇਦ ਪ੍ਰਗਟ ਕੀਤੇ ਹਨ। ਗੁਰਬਾਣੀ ਦਾ ਫੁਰਮਾਨ ਹੈ-

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ॥੧॥੧੬॥ (ਪੰਨਾ ੧੨੪੩)

ਜਦੋਂ ਕੋਈ ਵਿਅਕਤੀ ਆਪਣੀ ਸੁਰਤ ਨੂੰ ਸਬਦ ਨਾਲ ਜੋੜਦਾ ਹੈ। ਉਸ ਸਮੇਂ ਉਹ ਸੰਸਾਰ ਨਾਲੋਂ ਟੁੱਟ ਕੇ ਅੰਤਰ ਮੁਖੀ subjective ਹੋ ਜਾਂਦਾ ਹੈ। ਸਬਦ ਨਾਲ ਲਿਵ ਜੋੜਨ ਵਾਲਾ ਵਿਅਕਤੀ ਆਪਣੇ ਹਿਰਦੇ ਦੀ ਡੂੰਘਾਈ ਵਿਚ ਚਲਾ ਜਾਂਦਾ ਹੈ ਅਤੇ ਉਹ ਅਨੇਕਾਂ ਅਚਰਜ ਕੌਤਕ ਵੇਖ ਕੇ ਵਿਸਮਾਦ ਹੋ ਜਾਂਦਾ ਹੈ। ਸਬਦ ਦਾ ਅਭਿਆਸ ਕਰਨ ਵਾਲਾ ਜਗਿਆਸੂ ਅਨਹਦ ਸ਼ਬਦ ਦੀ ਗੂੰਜ ਸੁਣ ਸਕਦਾ ਹੈ। ਸ਼ਬਦ ਦੀ ਧੁਨੀ ਮਨੁੱਖ ਦੇ ਹਿਰਦੇ ਵਿਚ ਵਾਸ ਕਰਦੀ ਹੈ। ਇਹੋ ਸਬਦ ਦੀ ਧੁਨੀ ਸਾਰੇ ਬ੍ਰਹਿਮੰਡ ਵਿਚ ਜੋਤਿ ਦੇ ਰੂਪ ਵਿਚ ਪਸਰੀ ਹੋਈ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-

ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ॥੬੫॥(ਪੰਨਾ ੯੪੫)

ਗੁਰਮਤਿ ਧਰਮ ਵਿਚ ਸ਼ਬਦ ਨੂੰ ਗੁਰੂ ਪੀਰ ਦਾ ਦਰਜਾ ਪਰਾਪਤ ਹੈ। ਗੁਰੂ ਓਹ ਹਸਤੀ ਹੈ ਜੋ ਮਨੁੱਖਾਂ ਦੇ ਹਿਰਦਿਆਂ ਵਿਚ ਸੱਚ ਦਾ ਪ੍ਰਕਾਸ਼ ਕਰਦੀ ਹੈ। ਗੁਰੂ ਹਉਮੈ ਦੇ ਹਨੇਰੇ ਨੂੰ ਦੂਰ ਕਰ ਕੇ ਸਬਦ ਰਾਹੀਂ ਚਾਨਣ ਕਰਦਾ ਹੈ। ਗੁਰੂ ਦੀ ਜੋਤਿ ਹਰ ਸਮੇਂ ਹਰ ਜੁਗ ਵਿਚ ਇੱਕ ਰਸ ਪ੍ਰਕਾਸ਼ਮਾਨ ਰਹਿੰਦੀ ਹੈ। ਗੁਰੂ ਦੀ ਸੁਰਤਿ ਹਰ ਸਮੇਂ ਪਾਰਬ੍ਰਹਮ ਅਕਾਲ, ਪੁਰਖ ਨਾਲ ਲੀਨ ਰਹਿੰਦੀ ਹੈ। ਸ਼ਬਦ ਜੋਤਿ ਚਾਰੇ ਜੁਗਾਂ ਵਿਚ ਕਾਇਮ ਹੈ-

ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ॥੨੩॥ (ਪੰਨਾ ੯੦੮)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਸਬਦ ਦੇ ਧਰਮ ਨੂੰ ਦ੍ਰਿੜ ਕਰਨ ਦਾ ਉਪਦੇਸ਼ ਹੈ। ਸਬਦ ਜੋਤਿ ਅਖੰਡ, ਅਟੁੱਟ ਪ੍ਰਕਾਸੁ ਹੈ। ਸਬਦ ਜੋਤਿ ਸਾਰੇ ਜੁਗਾਂ ਵਿਚ ਇਕੋ ਰਹਿੰਦੀ ਹੈ। ਸ਼ਬਦ ਜੋਤਿ ਘਟਦੀ ਵਧਦੀ ਨਹੀਂ ਹੈ। ਸਬਦ ਜੋਤਿ ਅਕਾਲ ਪੁਰਖ ਦਾ ਪ੍ਰਕਾਸੁ ਹੈ। ਇਹ ਅਨੇਕ ਥਾਵਾਂ ਤੇ ਅਨੇਕ ਜੀਵਾਂ ਵਿਚ ਵਰਤਦਾ ਹੋਇਆ ਵੀ ਕੇਵਲ ਇਕੋ ਹੀ ਹੈ। ਸ਼ਬਦ ਡੋਲਦੇ ਮਨ ਨੂੰ ਸਥਿਰ ਕਰ ਕੇ ਅਡੋਲ ਬਣਾ ਦਿੰਦਾ ਹੈ। ਸ਼ਬਦ ਜੋਤਿ ਵਖੋ ਵੱਖ ਜਾਤਾਂ ਤੇ ਵਰਨਾਂ ਦੀ ਵੰਡ ਤੋਂ ਉਤਾਂਹ ਹੈ। ਸ਼ਬਦ ਜੀਵਾਂ ਨੂੰ ਜੀਵਾਂ ਨਾਲ ਜੋੜਦਾ ਹੈ। ਜਿਸ ਨੂੰ ਸਬਦ ਦੀ ਸੋਝੀ ਹੋ ਗਈ ਉਸ ਨੇ ਅਕਾਲ ਪੁਰਖ ਦਾ ਭੇਦ ਪਾ ਲਿਆ। ਸਬਦ ਰਾਹੀ ਅਕਾਲ ਪੁਰਖ ਦੀ ਪਛਾਣ ਹੁੰਦੀ ਹੈ। ਗੁਰਬਾਣੀ ਦਾ ਫੁਰਮਾਨ ਹੈ :-

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ॥
ਸਚੜਾ ਦੂਰਿ ਨ ਭਾਲੀਐ, ਘਟਿ ਘਟਿ ਸਬਦੁ ਪਛਾਣੋਵਾ॥੧॥੪॥ (ਪੰਨਾ ੫੮੧)



www.AKJ.Org

ਸਬਦ ਨੂੰ ਹਿਰਦੇ ਵਿਚ ਵਸਾਉਣ ਵਾਲੇ ਦਾ ਮਨ ਨਿਰਮਲ ਹੋ ਜਾਂਦਾ ਹੈ। ਸਬਦ ਨਾਲ ਪ੍ਰੀਤ ਜੋੜਨ ਵਾਲਾ ਜਮ ਦੂਤਾਂ ਦੇ ਜਾਲ ਤੋਂ ਬਚ ਜਾਂਦਾ ਹੈ। ਸ਼ਬਦ ਨਾਲ ਲਿਵ ਜੋੜਨ ਵਾਲੇ ਤੋਂ ਧਰਮ ਰਾਜ ਲੇਖਾ ਨਹੀਂ ਮੰਗਦਾ। ਸਬਦ ਦਾ ਜਾਪ ਕਰਨ ਵਾਲੇ ਅੰਦਰੋਂ ਦੁਬਿਧਾ ਨਿਕਲ ਜਾਂਦੀ ਹੈ, ਮੋਹ ਮਾਇਆ ਉਡ ਜਾਂਦੀ ਹੈ। ਗੁਰਸਿਖ ਨਾਮ ਦੇ ਅਭਿਆਸ ਨਾਲ ਸਹਿਜ ਅਵਸਥਾ ਪਰਾਪਤ ਕਰ ਲੈਂਦਾ ਹੈ। ਗੁਰਸਿਖ ਜੋਗੀਆਂ ਵਾਂਗ ਜੋਗ ਸਾਧਨਾ ਦਾ ਪ੍ਰਪੰਚ ਨਹੀਂ ਕਰਦੇ ਸਗੋਂ ਸ਼ਬਦ ਵਿਚ ਲੀਨ ਹੋ ਕੇ ਸਹਿਜ ਪਦ ਹਾਸਲ ਕਰ ਲੈਂਦੇ ਹਨ। ਗੁਰਬਾਣੀ ਦਾ ਫੁਰਮਾਨ ਹੈ :-

ਗੁਰਮਤਿ ਰਾਮੁ ਜਪੈ ਜਨੁ ਪੂਰਾ॥ ਤਿਤੁ ਘਟ ਅਨਹਤ ਬਾਜੇ ਤੂਰਾ॥੨॥੧੬॥ (ਪੰਨਾ ੨੨੮)

ਸਬਦ ਤੋਂ ਬਗੈਰ ਸਾਰੇ ਸੰਸਾਰ ਅੰਦਰ ਅਤੇ ਦੀਪਾਂ ਲੋਆਂ ਖੰਡਾਂ ਬ੍ਰਹਿਮੰਡਾਂ ਵਿਚ ਹਨੇਰਾ ਛਾਇਆ ਹੋਇਆ ਹੈ। ਸਬਦ ਨੂੰ ਹਿਰਦੇ ਵਿਚ ਵਸਾਉਣ ਵਾਲਾ ਨਿਰਮਲ, ਪਵਿਤਰ ਅਵਸਥਾ ਗ੍ਰਹਿਣ ਕਰ ਲੈਂਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:-

ਸਬਦੁ ਦੀਪਕੁ ਵਰਤੈ ਤਿਹੁ ਲੋਇ ॥ ਜੋ ਚਾਖੈ ਸੋ ਨਿਰਮਲੁ ਹੋਇ ॥੨॥੨॥ (ਪੰਨਾ ੬੬੪)

ਗੁਰੂ ਦੀ ਮੂਰਤ, ਗੁਰੂ ਦੀ ਹਸਤੀ ਸਬਦ ਵਿਚ ਪ੍ਰਕਾਸ਼ਮਾਨ ਹੈ। ਦੇਹ ਬਿਨਸ ਜਾਣ ਵਾਲੀ ਸ਼ੈ ਹੈ। ਦੇਹ ਕਾਗਜ ਦੇ ਤੁੱਲ ਹੈ। ਗੁਰੂ ਦੀ ਹਸਤੀ, ਗੁਰੂ ਦਾ ਵਜੂਦ ਸਰੀਰ ਦੀ ਹੱਦ ਤੀਕ ਸੀਮਤ ਨਹੀਂ, ਸਗੋਂ ਗੁਰੂ ਜੋਤਿ ਸਰੀਰ ਤੋਂ ਪਰ੍ਹੇ ਵਿਸਮਾਦ ਦਰਸ਼ਨ ਹੈ। ਗੁਰੂ ਦਾ ਹਿਰਦਾ ਸਬਦ ਵਿਚ ਲੁਪਤ ਹੈ। ਸ਼ਬਦ ਸੱਚ ਹੈ, ਸ਼ਬਦ ਸਰਬ ਵਿਆਪਕ ਅਸੀਮ ਨਾਦ ਹੈ। ਗੁਰੂ ਦੇ ਸਰੀਰ ਦੇ ਦਰਸ਼ਨ ਨਾਲ ਕੋਈ ਮੁਕਤ ਨਹੀਂ ਹੋ ਸਕਦਾ, ਸ਼ਬਦ ਦੀ ਵਿਚਾਰ ਅਤੀ ਜਰੂਰੀ ਹੈ। ਸਬਦ ਦਾ ਪ੍ਰਕਾਸ਼ ਗੁਰੂ ਤੋਂ ਬਗੈਰ ਨਹੀਂ ਹੁੰਦਾ। ਮਨੁੱਖ ਦਾ ਆਪਣਾ ਉਦਮ ਤੇ ਉਪਰਾਲਾ ਸਬਦ ਜੋਤਿ ਨੂੰ ਪ੍ਰਜਵਲਤ ਨਹੀਂ ਕਰ ਸਕਦਾ ਹੈ। ਚੰਗੇ ਅਮਲ ਕਰਦੇ ਹੋਇਆਂ ਗੁਰੂ ਦੀ ਓਟ ਲਈ ਜਾਵੇ। ਗੁਰੂ ਦਾ ਪ੍ਰਤਖ ਦਰਸ਼ਨ ਸਬਦ ਰਾਹੀਂ ਹੁੰਦਾ ਹੈ। ਦੇਹ ਤੋਂ ਉਤਾਂਹ ਉਠ ਕੇ ਭੌਤਿਕ ਸਰੀਰ ਦੀ ਹੱਦ ਤੋਂ ਬਾਹਰ ਆ ਕੇ, ਗੁਰੂ ਦਾ ਦੀਦਾਰ ਹੁੰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥

ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ ੧॥੨੧॥ (ਪੰਨਾ ੫੯੪)

ਗੁਰਮਤਿ ਧਰਮ ਵਿਚ ਅਕਾਲ ਪੁਰਖ ਦੇ ਦੋ ਸਰੂਪ ਦਸੇ ਗਏ ਹਨ। ਇਕ ਨਿਰਗੁਣ ਸਰੂਪ ਜੋ ਅਕਾਰ ਰਹਿਤ ਹੈ, ਅਰੂਪ ਹੈ, ਜੋ ਦਿਸਦਾ ਨਹੀਂ ਹੈ। ਦੂਜਾ ਸਰੂਪ, ਸਰਗੁਣ ਸਰੂਪ ਹੈ ਜੋ ਦਿਸਦਾ ਹੈ। ਪਰ ਇਕ ਹੋਰ ਤੀਜਾ ਸਰੂਪ ਸ਼ਬਦ ਸਰੂਪ ਹੈ। ਭਾਈ ਗੁਰਦਾਸ ਜੀ ਜੋ ਗੁਰਮਤਿ ਦੇ ਮਹਾਨ ਧੁਰੰਧਰ ਵਿਦਵਾਨ ਤੇ ਵਿਆਖਿਆਕਾਰ ਹੋਏ ਹਨ ਨੇ ਅਕਾਲ ਪੁਰਖ ਦੇ ਨਿਰਗੁਣ ਸਰੂਪ ਨੂੰ ਪਾਰਬ੍ਰਹਮ, ਦਿਸਦੇ ਸਰੂਪ, ਗੁਰੂ ਨੂੰ ਪੂਰਨ ਬ੍ਰਹਮ ਅਤੇ ਸਬਦ ਵਿਚ ਲੀਨ ਜਗਿਆਸੂ ਨੂੰ ਗੁਰ-ਚੇਲਾ ਕਿਹਾ ਹੈ :-

ਪਾਰਬ੍ਰਹਮੁ ਪੂਰਨ ਬ੍ਰਹਮੁ ਸਬਦਿ ਸੁਰਤਿ ਸਤਿਗੁਰੂ ਗੁਰ ਚੇਲਾ॥ ਵਾਰ ੧੨/੧੬

ਜਦੋ ਭਾਈ ਨੰਦ ਲਾਲ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਤੁਹਾਡਾ ਰੂਪ ਕਿੰਨੇ ਪ੍ਰਕਾਰ ਦਾ ਹੈ? ਗੁਰੂ ਸਾਹਿਬ ਜੀ ਨੇ ਭਾਈ ਨੰਦ ਲਾਲ ਜੀ ਦੇ ਸੁਆਲ ਦਾ ਉਤਰ ਇਉਂ ਦਿਤਾ ਸੀ-

ਤੀਨ ਰੂਪ ਹੈ ਮੋਹ ਕੇ ਸੁਨਹੁ ਨੰਦ ਚਿਤ ਲਾਇ॥

ਨਿਰਗੁਣ ਸਰਗੁਣ ਗੁਰ ਸ਼ਬਦ ਕਹਹੁ ਤੋਹਿ ਸਮਝਾਇ॥ (ਰਹਿਤਨਾਮਾ ਭਾਈ ਨੰਦ ਲਾਲ ਸਿੰਘ ਜੀ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਤਿੰਨ ਰੂਪ ਕਿਹੜੇ ਹਨ। ਪਹਿਲਾ ਰੂਪ ਅਦਿਖ ਹੈ ਜੋ ਚਕ੍ਰ ਚਿਹਨ ਬਰਨ ਜਾਤ ਅਰ ਪਾਤ ਨਹ ਵਾਲਾ ਰੂਪ ਹੈ ਜੋ ਉਹਨਾਂ ਨੇ ਜਾਪ ਸਾਹਿਬ ਦੀ ਬਾਣੀ ਵਿਚ ਬਿਆਨ ਕੀਤਾ ਹੈ। ਇਹ ਨਿਰਗੁਣ ਰੂਪ ਹੈ ਜੋ ਅਦਿਖ ਹੈ, ਦਿਸਦਾ ਨਹੀਂ ਹੈ, ਇਹ ਜੋਤਿ ਰੂਪ ਹੈ। ਦੂਜਾ ਰੂਪ ਹਜੂਰ, ਦਾ ਸਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ ਤੀਜਾ ਰੂਪ ਹਜੂਰ ਦਾ ਸਰਗੁਣ ਸਰੂਪ ਹੈ, ਉਹ ਖਾਲਸਾ ਪੰਥ, ਸਾਧ ਸੰਗਤਿ ਹੈ, ਗੁਰੂ ਰੂਪ ਖਾਲਸਾ ਹੈ।



www.AKJ.Org

ਸ਼ਬਦ ਦੀ ਜਦੋ ਸੋਝੀ ਹੋ ਜਾਂਦੀ ਹੈ ਉਸ ਸਮੇਂ ਅਕਾਲ ਪੁਰਖ ਦਾ ਅਦਿਖ ਰੂਪ, ਨਿਰਗੁਣ ਸਰੂਪ ਅਤੇ ਗੁਰੂ ਸਰੂਪ, ਦਿਸਦਾ ਸਰਗੁਣ ਰੂਪ ਇਕਮਿਕ ਹੋ ਜਾਂਦੇ ਹਨ। ਗੁਰੂ ਦੇਹ ਦੇ ਵਜੂਦ ਸਹਿਤ ਹਰ ਥਾਂ ਵਿਚਰ ਨਹੀਂ ਸਕਦਾ, ਸ਼ਬਦ ਹਮੇਸ਼ਾਂ ਰਹਿਣ ਵਾਲਾ ਸਰਬ ਵਿਆਪਕ ਹੈ, ਸਬਦ ਗੁਰੂ ਦਾ ਹਿਰਦਾ ਹੈ, ਸੋ ਗੁਰਸਿਖਾਂ ਨੇ ਹਮੇਸ਼ਾਂ ਸਬਦ ਤੋਂ ਹੀ ਸੇਧ ਲੈਣੀ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹਜ਼ੂਰੀ ਨਿਕਟਵਰਤੀ ਸਿਖ ਭਾਈ ਮਨੀ ਸਿੰਘ ਜੀ ਨੇ ਗੁਰੂ ਸਾਹਿਬ ਜੀ ਦੇ ਅੰਤਿਮ ਸਮੇਂ ਆਖੇ ਹੋਏ ਬਚਨਾਂ ਨੂੰ ਇਉਂ ਦਰਸਾਇਆ ਹੈ

"ਤੁਸੀ ਸ਼ਬਦ ਅਤੇ ਗੁਰੂ ਨੂੰ ਇਕੋ ਰੂਪ ਜਾਣਨਾ ....
ਸਤਿਗੁਰੂ ਤੇ ਪਰਮੇਸਰ ਵਿਚ ਕੋਈ ਭੇਦ ਨਾ ਜਾਣਨਾ ......
ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ।
ਨਿਰਗੁਣ ਰੂਪ ਹੈ। ਜੇ ਸਰੀਰ ਨਾਲ ਮਿਲੋਗੇ ਤਾਂ
ਫਿਰ ਵੀ ਵਿਛੜੋਗੇ ਤੇ ਸਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ।

(ਸਿਖਾਂ ਦੀ ਭਗਤਮਾਲ ਪੰਨਾ ੩੧-੩੨)

ਪੰਜ ਕਕਾਰੀ ਰਹਿਤ ਦੇ ਧਾਰਨੀ, ਵਿਕਾਰਾਂ ਤੋਂ ਦੂਰ ਪਵਿੱਤਰ ਉਚੇ ਆਚਰਨ ਤੇ ਸੁੱਚੇ ਜੀਵਨ ਵਾਲੇ ਗੁਰਸਿਖਾਂ ਅੰਦਰ ਸਬਦ ਜੋਤਿ ਜਗਤੀ ਹੈ। ਪਵਿੱਤਰ ਹਿਰਦੇ ਅੰਦਰ ਸਬਦ ਜੋਤਿ ਪ੍ਰਜਵਲਤ ਹੋ ਜਾਂਦੀ ਹੈ। ਗੁਰੂ ਰੂਪ ਪੰਜ ਪਿਆਰੇ, ਗੁਰਮਤਿ ਪੰਚ ਸਖੇ, ਗੁਰਸਿਖ, ਖੰਡੇ ਬਾਟੇ ਦਾ ਅਕਸੀਰ ਅੰਮ੍ਰਿਤ ਪਿਲਾ ਕੇ, ਗੁਰ ਸ਼ਬਦ ਦੀਖਿਆ ਦੇ ਕੇ ਵਾਹਿਗੁਰੂ ਮੰਤ੍ਰ ਗੁਰਮੰਤਰ ਦਾ ਜਾਪ ਦ੍ਰਿੜ ਕਰਵਾ ਕੇ ਸੰਸਾਰੀ ਲੋਕਾਂ ਨੂੰ ਖਾਲਸਾ ਸਜਾ ਕੇ ਸਬਦ ਗੁਰੂ ਦੇ ਲੜ ਲਾਉਂਦੇ ਹਨ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸਬਦ ਗੁਰੂ, ਜੁਗੋ ਜੁੱਗ ਅਟਲ ਦਸ਼ਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਿਖਾਂ ਦਾ ਹੋਰ ਕੋਈ ਗੁਰੂ ਨਹੀਂ ਹੈ। ਆਦਿ ਗੁਰੂ ਗ੍ਰੰਥ ਸਾਹਿਬ ਇਕ ਰਸ, ਅਮਰ ਅਡੋਲ ਜੁਗੋ ਜੁੱਗ ਅਟੱਲ ਹਨ ਜੋ ਬਿਨਾਂ ਪਖਪਾਤ ਉਪਦੇਸ਼ ਦਿੰਦੇ ਹਨ, ਸਾਡੀਆਂ ਸਰਬ ਕਾਮਨਾਵਾਂ ਪੂਰੀਆਂ ਕਰਦੇ ਹਨ।

---

ਪੰਨਾ ੧੪ ਦਾ ਬਾਕੀ ....

ਰੁੱਤ ਭੱਲੀ ਹੈ ਕਿਉਂਕਿ ਪਿਰ ਘਰ ਬਹੁੜ ਰਿਹਾ ਹੈ ਜਦੋਂ ਕਿ ਸਾਵਣ ਦੀ ਰੰਗੀਲੀ ਰੁੱਤ ਵਿੱਚ ਪਿਰ ਪਰਦੇਸ ਗਿਆ ਹੋਇਆ ਹੋਣ ਕਰਕੇ ਮਨ ਨੂੰ ਉਦਾਸੀ ਲੱਗ ਜਾਂਦੀ ਹੈ ਤੇ ਬਿਜਲੀ ਚਮਕ ਚਮਕ ਕੇ ਡਰਾਉਂਦੀ ਹੈ ਭਾਦਉਂ ਦੇ ਮਹੀਨੇ ਛੱਪੜ ਟੋਬੇ ਪਾਣੀ ਨਾਲ ਭਰੇ ਹੁੰਦੇ ਹਨ ਤੇ ਮਛੱਰ ਆਪਣੇ ਜ਼ਹਿਰੀਲੇ ਡੰਗ ਮਾਰਦੇ ਹਨ। ਕੰਤ ਤੋਂ ਬਿਨਾਂ ਅਜਿਹਾ ਸਮਾਂ ਕੱਟਣਾ ਬੜਾ ਔਖਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਸਾਰੀ ਬਾਣੀ ਵਿੱਚ ਕੁਦਰਤ ਨੂੰ ਉਚਾ ਸਥਾਨ ਦਿੱਤਾ ਹੈ, ਆਪ ਜੀ ਨੇ ਆਪਣੇ ਡੂੰਘੇ ਅਨੁਭਵ ਤੋਂ ਪ੍ਰਕ੍ਰਿਤੀ ਦੀ ਰਚਨਾ ਬਾਰੇ ਦੱਸਿਆ ਹੈ :

"ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ, ਘਟਿ ਘਟਿ ਜੋਤਿ ਸਮੋਇ॥" (ਸਿਰੀ ਰਾਗੁ ਮਹਲਾ ੧ ਪੰਨਾ ੧੯)

ਗੁਰੂ ਜੀ ਨੇ ਕੁਦਰਤ ਦੀ ਅਨੰਤਤਾ ਦਾ ਵਰਨਣ ਕਰਦਿਆਂ ਹੋਇਆ ਦੱਸਿਆ ਹੈ ਕਿ ਕੁਦਰਤ ਦਾ ਪਸਾਰਾ ਏਨਾ ਵੱਡਾ ਹੈ ਕਿ ਇਸ ਦਾ ਅੰਤ ਨਹੀਂ ਪਾਇਆ ਜਾ ਸਕਦਾ।

"ਕਹਣਾ ਹੈ ਕਿਛੁ ਕਹਣੁ ਨ ਜਾਇ॥ ਤਉ ਕੁਦਰਤਿ ਕੀਮਤਿ ਨਹੀ ਪਾਇ॥(ਪੰਨਾ ੧੫੧)

ਸੋ ਅੰਤ ਵਿੱਚ ਗੁਰੂ ਨਾਨਕ ਬਾਣੀ ਦੇ ਡੂੰਘੇ ਅਧਿਅਨ ਤੋਂ ਇਸ ਸਿੱਟੇ ਤੇ ਸਹਿਜੇ ਹੀ ਪਹੁੰਚ ਜਾਂਦੇ ਹਾਂ ਕਿ ਗੁਰੂ ਜੀ ਦਾ ਕੁਦਰਤ ਅਨੁਭਵ ਬੜਾ ਵਿਸ਼ਾਲ ਅਤੇ ਅਧਿਆਤਮਕ ਸੀ। ਆਪ ਜੀ ਨੇ ਕੁਦਰਤ ਦੇ ਅਨੇਕਾਂ ਰੂਪਾਂ ਨੂੰ ਦ੍ਰਿਸ਼ਟੀਮਾਨ ਕਰਦੇ ਹੋਏ ਕਾਦਰ ਦੀ ਵਡਿਆਈ ਕੀਤੀ ਹੈ :-

'ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ,
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥



www.AKJ.Org

# SRI GURU NANAK DEV JI

### THE FOUNDER OF THE SIKH RELIGION

## INTRODUCTION

Guru Nanak Dev Ji, founder of the sikh Religion, was born in the year 1469 A.D., in a small village called Talwandi, in Northern India, now known as 'Nanakana Sahib'.when the British left India they divided Punjab and gave the Northern part to the Muslims which became Pakistan. It is said that we Sikhs are not allowed to visit one of our most sacred shrines at the will. Guru Ji's father, Mehta Kalu Chand, was the village accountant and worked for Rai Bular,the Muslim ruler of Talwandi. His mother's name was Mata Tripta and he had one sister named Nanaki, who was about five years senior, who also became his first Sikh (disciple).

### BEFORE GURU NANAK DEV JI

God sent Guru Nanak to the world when 'Kalyug' (the age of darkness) became so strong that creation began to forget the Almighty Himself. Two religions Hinduism and Islam dominated the worldscene. Religion was nothing but a refuge for superstition, bigotry and ritualism. It was confined to peculiar forms of eating and drinking peculiar ways of bathing and painting the fore-head and other such mechanical observances. The priests alone could study the scriptures and to them alone were accessible the highest truths and consolations of Hindu philosophy. On the other hand, the Muslims hunted the Hindus which they believed to be a holy cause. This kind of rule could not but lead to bloodshed, oppression and high-handedness. Therefore, great jealousy and harted existed those days between the hindus and Muslims. As the Muslims treated the Hindus so did the caste Hindus treat the Shudras (low castes), with harted.

## GOD

Guru Nanak went to bathe in the River and went missing for 3 days and nights. As the great Sikh scholar Bhai Gurdas Ji and Janam Sakhis have told us, this was the time the Guru was summoned to God's abode (sach Khand) and the following occured :- " At the Divine Command the devotee Nanak was ushered into the Divine presence. A cup full of Nectar was by Divine pleasure offered to him. The voice came: 'Nanak, this Amrit- (Nectar), the cup of my name, drink this it is offered to thee. At this Guru Nanak made obeisance and quaffed the cup of Amrit. The lord's grace fell on him. "Nanak, I am ever by thy side". I have showered my blessing on thee. Whoever, calls on thee, shall also receive my blessing. Go thou into the world and meditate on the Name, and make mankind also meditate on the Name. Be thou ever unpolluted by the lure of the world. Engage thyself in meditation on the Name (Guru-Mantar), in charity, in self-purification, service and in remembering thy Lord. I have conferred on thee the blessing of my name. Make the name alone thy occupation.

When the Guru emerged from the river his first words were "there is no Hindu or Muslim". This meant that neither had found true path to God. The names Allah and Ram referred to the one and the same God. These names was not the true name that God had called himself. The true name was revealed to the world through Guru Nanak.

It was out of this wretched, trampled, hagridden nations of cowards that "GURU NANAK DEV JI' had to build a nation of self-respecting people, deeply devoted to God, ready to die


www.AKJ.Org

as martyrs for the sake of their religion and country and to establish the rule of law out of the chaos that prevailed. The Guru approached this mission as described by the following passage by Bhai Gurdas Ji's Vars:-

**In this dark age, Guru Nanak revealed**
**God the Supreme Being is one and no other;**
**He initiated his disciples with charnamrit:**
**Water sanctified by the touch of his lotus feet,**
**And gave a new code of conduct,**
**As the high Way of spiritual life (rahiras).**
**Thus, Guru Nanak gaveto dharma, its lost legs;**
**He blended four castes and creeds into one: the Sikhs.**
**He gave the lowliest, social equality with kings.**
**He taught humility to all the world.** (Trans of BHAI GURDAS VAR 1, 24)

The Guru visualised that this gigantic task would have to be done slowly and patiently in more than one generation by his nine successors (Guru's). All the ten Gurus were of the same light (joth) but had different physical features. He began his work by ridiculing superstition, snobbery and sycophancy and by tearing down the caste prejudices which had appallingly divided his people. On the one hand he awakened the demoralized and disheartened million from laziness and gave them new hope and courage to stand on their feet, on the other he started winning the Muslims over to regard all human beings as members of the family of God. The chief features of his teachings were, "God is one". He is free from bondage of birth and death. He is above religious leaders whom people mistakenly call God. Man should bow and worship to God alone and none else. Idol worship is useless. His presence should be felt everywhere and realised in the heart. Rites, rituals, ceremonies, sacrifices, penances, pilgrimage, fasts and set ways of worship have very little merit for the soul. Only God 's name and good actions done in the midst of worldly sorrounding raise the spirit. Women are equals of men and all human beings are equally good. The barriers of caste, religion, countries and creeds should not be allowed to stand in the way spiritual and social progress. "Whoever does his duties without worldly attachment, consecrating his deeds to God, with truth, sin does not touch him, just as a lotus leaf, though in water, is not affected by it" he said.

**TEACHINGS OF GURU NANAK DEV JI**

Truth is the highest virtue, but higher still is truthfull living

(1) There is only one God. Worship and pray to one God and to none other.

(2) Remember God, work hard and help others.

(3) God is pleased with honest work and true living.

(4) There is no rich, no poor, no black and no white, before God. It is your actions that make you good or bad.

(5) Men and Women are all equal before God.

(6) Love everyone and pray for the good of all.

(7) Be kind to people, animals and birds.

(8) Fear not, frighten not.


www.AKJ.Org

(9) Always speak the truth. "0 Nanak, this need we know alone that God and truth are in one".
(10) Be simple in Your food, dress and habits.
(11) "God is, the end of which no one knows the more one says, the more it grows".
GURU NANAK DEV JI

**CONCLUSION**

From 1469 Guru Nanak rang the alarm bell and saved masses from fake religions which in those days took the form of ritual worship and hypocrisy. Guru Nanak stressed the uniqueness of each individual and wanted him to progress through a process of self-discipline. The physical discipline included acts of service and charity, while leading a house-houlder life. The moral discipline included righteous living and rising above selfish desires. The spiritual discipline included the belief in the one Supreme Being (The Timeless Almighty) and the exclusion of the pantheon of gods and goddesses in whom they had formly believed.

Guru Nanak Dev Ji laid the foundation of the Sikh Religion on which the later Gurus (altogether ten) built upon. Guru Gobind Singh Ji gave the religion it 's final form. This process took approximately 239 years. Before departing the Tenth Master gave the Guruship to Sri Guru Granth Sahib Ji forever and told the Sikhs to recognise Guru Granth Sahib Ji to be the Light and Form of the Living Gurus. Also Guru Gobind Singh Ji in 1699 changed the initiation (Amrit Ceremony) into Sikhism from Charanamrit to Khande de Pahul which was to be given by Panj Piares (Five Beloved).

Guru Nanak Dev Ji never in his life made people worship his name but only God 's True Name. Neither did he claim to be God. The following Gurus did the same. Also none of the Sikh Gurus or their followers forced their beliefs on anyone, instead they preached the message of God by love and example.

– **If you desire to play the game of love,**
**Carry your head on your palm in complete dedication,**
**Then, enter the path of my Faith,**
**If on this path you wish to tread,**
**Hesitate not to sacrifice your head.** GURU NANAK : Sloka Vadhik :20(Trans.)

– **"After he had performed great tapasya (bhagti)**
**Through the grace of God, Nanak attained perfect union.**
**Baba Nanak ascended to the realm of Truth,**
**From God he acquired the treasure of His Name and humility**
**Baba Nanak then cast his omniscient vision on the earth.**
**He saw that the whole world was burning in flames.**
**Without the Enlightener of Truth, there was darkness;**
**In ignorance and sorrow the world wailed in pain.**
**The cries of suffering humanity moved him deeply.**

BHAI GURDAS JI; VAR 1P:24(Trans.)

THE LORD IS NEAR NOT FAR.
PERFECT ARE THE PERSONS WHO UNDERSTAND THIS BY THE GURU 'S GRACE.
THERE ARE BLESSINGS IN ASSOCIATING WITH THEM DAY AND NIGHT.
THIS IS THE GLORY OF THE GURU 'S ASSOCIATION. ( GURU NANAK)

# ਅੰਮ੍ਰਿਤ ਸ਼ਕਤੀ

ਭਾਈ ਗੁਰਤੇਜ ਸਿੰਘ ਬਾਦਸ਼ਾਹ ਪੁਰੀ

ਇੰਜਣਾਂ ਦੇ ਤਾਂਈ ਰੁਕਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਤੋਪਾਂ ਦੇ ਮੂੰਹ ਘੁਮਾਂ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਮਸਤ ਹਾਥੀਆਂ ਸੰਗ ਲੜਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਚਿੜੀਆਂ ਤੋਂ ਬਾਜ ਤੁੜਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਬੁਜਦਿਲਾਂ ਤੋਂ ਸ਼ੇਰ ਬਣਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਲੱਖਾਂ ਸੰਗ ਇੱਕ ਭਿੜਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਹੱਸ ਹੱਸ ਚਰਖੜੀ ਉਪਰ ਚੜਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਕੇਸਾਂ ਦੀ ਖਾਤਰ ਬੰਦ ਬੰਦ ਕਟਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਨੀਹਾਂ ਵਿੱਚ ਖੜ ਵੈਰੀ ਤਾਂਈ ਨਿਵਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਇੱਟ ਨਾਲ ਇੱਟ ਵਜਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਨਿੱਕੇ ਕੋਮਲ ਬੱਚੇ ਨੇਜਿਆਂ ਉਪਰ ਟੰਗਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਬੇਟੇ ਅੱਖਾਂ ਸਾਹਮਣੇ ਸ਼ਹੀਦ ਕਰਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਵੈਰੀ ਦੀ ਧੌਣ ਝੁਕਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਜਾਤਾਂ ਪਾਤਾਂ ਕੁਲਾਂ ਨਸਲਾਂ ਤਾਂਈ ਮਿਟਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਕਾਇਰਾਂ ਨੂੰ ਮਾਰ ਮੁਕਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਸੀਸ ਤਲੀ ਧਰ ਖੰਡਾ ਖੜਕਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਰੰਗਰੇਟੇ ਗੁਰੂ ਕੇ ਬੇਟੇ ਮਾਣ ਦਿਵਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਨਵਾਬੀਆਂ ਨੂੰ ਪੈਰਾਂ ਹੇਠ ਝੁਕਾ ਦੇਵੇ,. ਇਹ ਅੰਮ੍ਰਿਤ ਖੰਡੇ ਬਾਟੇ ਦਾ।
ਜੰਡਾ ਨਾਲ ਬੰਨ ਤਨ ਸੜਵਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
ਜੰਬੂਰਾਂ ਨਾਲ ਮਾਸ ਤੁੜਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।
'ਬਾਦਸ਼ਾਹ ਪੁਰੀ' ਜਿਹੇ ਨੀਚਾਂ ਨੂੰ ਕਲਮ ਫੜਾ ਦੇਵੇ, ਇਹ ਅੰਮ੍ਰਿਤ ਖੰਡੇ ਬਾਟੇ ਦਾ।

---

ਪੰਨਾ ੮ ਦਾ ਬਾਕੀ ...)

ਗੁਰੂ ਨਾਨਕ ਦੀ ਕੁਦਰਤ-ਕਵਿਤਾ ਆਪ ਮੁਹਾਰੀ ਹੈ, ਗੁਰੂ ਨਾਨਕ ਦੀਆਂ ਦਿਤੀਆਂ ਉਪਮਾਵਾਂ ਸੁਭਾਵਕ ਹਨ। ਆਪਣੀ ਨਿਜੀ ਸ਼ਕਤੀ ਆਸਰਾ ਹਨ, ਅਰਥ ਕੱਢਣ ਲਈ ਬਾਹਰੋਂ ਲਿਆ ਕੇ ਠੋਸੀਆਂ ਨਹੀਂ ਗਈਆਂ। ਉਸ ਦਾ ਅਧਿਆਤਮਵਾਦ ਸੂਖਮ, ਗੂੜ੍ਹਾ, ਬਾਰੀਕ ਬੇਸ਼ੱਕ ਹੈ ਪਰ ਪਕੜਨ ਵੇਲੇ ਭਜ ਨਹੀਂ ਜਾਂਦਾ। ਗੁਰੂ ਨਾਨਕ ਦੀ ਕਵਿਤਾ ਮਨ ਪ੍ਰਚਾਵਾ ਨਹੀਂ, ਨਾ ਹੀ ਅਯਥਾਰਥਵਾਦ ਦਾ ਬਿਆਨ ਹੈ। ਗੁਰੂ ਨਾਨਕ ਦੀ ਕਵਿਤਾ ਕਈ ਤੈਹਾਂ ਤੇ ਪੜ੍ਹੀ ਜਾ ਸਕਦੀ ਹੈ ਹਰ ਵਾਰੀ ਅਰਥ ਨਵੇਂ ਤੇ ਵਧੇਰੇ ਡੂੰਘੇ ਹੀ ਨਿਕਲਣਗੇ :-

"ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ॥
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ॥
ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ॥
ਓਹ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ॥
ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ॥
ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ॥੧॥

(ਆਸਾ ਮਹਲਾ ੧ ਛੰਤ ਘਰੁ ੩ ਪੰਨਾ ੪੩੮)

# ਸਾਧਸੰਗਿ ਜਨਮ ਮਰਣ ਨਿਵਾਰੀ

(ਅਭੈਦਾਨੁ)

ਪ੍ਰੋ: ਬਲਵਿੰਦਰ ਸਿੰਘ ਲੁਧਿਆਣਾ

ਅਕਾਲ ਪੁਰਖ ਨੇ ਇਹ ਵਡਿਆਈ ਤੇ ਵਸ਼ਫ ਸਿਰਫ ਮਨੁੱਖਾਂ ਨੂੰ ਹੀ ਪ੍ਰਦਾਨ ਕੀਤਾ ਹੈ ਕਿ ਉਹ ਇਕੱਠੇ ਹੋ ਕੇ ਸੰਗ ਸੰਗ ਬੈਠ ਵੀਚਾਰ ਕਰ ਸਕਦੇ ਹਨ। ਆਪਣਾ ਬੁਰਾ ਭਲਾ ਸੋਚ ਸਕਦੇ ਹਨ ਅਤੇ ਭੈ ਮੁਕਤ ਹੋ ਕੇ ਮੰਜ਼ਿਲ ਤੇ ਪੁੱਜ ਸਕਦੇ ਹਨ।

ਉਂਝ ਤਾਂ ਕੀੜੇ, ਮਕੌੜੇ, ਡੱਡੂ, ਮੱਛੀਆਂ ਤੇ ਜਾਨਵਰ ਵੀ ਇਕੱਠੇ ਵਿਚਰਦੇ ਹਨ। ਹਾਥੀਆਂ ਦੇ ਗਾਊਲ ਇਕੱਠੇ ਚੱਲਦੇ ਹਨ। ਹਿਰਨਾਂ ਦੀਆਂ ਡਾਰਾਂ ਹੁੰਦੀਆਂ ਹਨ, ਗਊਆਂ ਦੇ ਬੱਗ ਅਤੇ ਭੇਡਾਂ ਦੇ ਇੱਜੜ। ਇਹ ਸਾਰੇ ਆਪਣਾ ਭਰਨ ਪੋਖਨ ਕਰਨ ਦੇ ਸਮਰੱਥ ਹਨ। ਖੂੰਖਾਰ ਜਾਨਵਰਾਂ ਤੋਂ ਆਪਦਾ ਬਚਾਅ ਕਰਨਾ ਜਾਣਦੇ ਹਨ। ਬਾਂਦਰ ਵੀ ਜੰਗਲਾਂ ਵਿਚ ਇਕੱਠੇ ਹੀ ਰਹਿੰਦੇ ਹਨ, ਬਾਂਦਰੀ ਆਪਣੇ ਬੱਚਿਆਂ ਨੂੰ ਮੀਂਹ, ਹਨੇਰੀ, ਝੱਖੜ ਦੇ ਆਉਣ ਤੋਂ ਪਹਿਲਾਂ ਹੀ ਸਾਵਧਾਨ ਕਰ ਦੇਂਦੀ ਹੈ, ਉਹ ਉਹਨਾਂ ਨੂੰ ਛਾਲਾਂ ਮਾਰਨ ਦੀ ਜਾਚ ਸਿਖਾਉਂਦਿਆਂ ਵੇਖੀ ਗਈ ਹੈ। ਮੈਂ ਇਥੋਂ ਤੱਕ ਦੇਖਿਆ ਹੈ ਕਿ ਬਾਂਦਰ ਹਫਤੇ ਵਿਚ ਇੱਕ ਵਿਸ਼ੇਸ਼ ਦਿਨ ਨਿਸਚਿਤ ਸਮੇਂ ਦੇ ਉਤੇ ਇਕੋ ਹੀ ਥਾਂ ਤੇ ਬੈਠ ਕੇ ਇਕੱਤਰਤਾ ਕਰਦੇ ਹਨ। ਬਾਕਾਇਦਾ ਵਿਚਾਰ, ਵਿਮਰਸ਼ ਕਰਦੇ ਹਨ। ਅਤੇ ਆਪਣੀ ਰਾਏ ਪ੍ਰਗਟ ਕਰਦੇ ਹਨ। ਮਨੁੱਖ ਦਾ ਇਤਨਾ ਹੀ ਫਰਕ ਹੈ ਕਿ ਉਹ ਇਕੱਠਿਆਂ ਹੋ ਕੇ ਬੈਠਦਾ ਹੈ ਤਾਂ ਸਮਾਜਿਕ, ਭਾਈਚਾਰਕ ਅਤੇ ਰਾਜਨੀਤਿਕ ਊਣਤਾਈਆਂ ਨੂੰ ਦੂਰ ਕਰਕੇ ਜੀਵਨ ਨੂੰ ਸੁਚੱਜਾ ਬਣਾਉਣ ਦੀ ਸਮਰੱਥਾ ਰੱਖਦਾ ਹੈ। ਇਥੋਂ ਤੱਕ ਜਾਨਵਰ ਤੇ ਮਨੁੱਖ ਇੱਕ ਦੂਜੇ ਦੇ ਬਹੁਤ ਨੇੜੇ ਹਨ। ਜਾਨਵਰ ਵੀ ਅਜਿਹਾ ਕਰਨਾ ਜਾਣਦੇ ਹਨ। ਮਨੁੱਖ ਦੀ ਉਤਮਤ ਇਹ ਹੈ ਕਿ ਉਹ ਆਪਣੇ ਜੀਵਨ ਦੇ ਮੰਤਵ ਸਬੰਧੀ ਵੀ ਸੋਚਦਾ ਹੈ। ਕਿ ਅਸੀਂ ਕਿਹੜੇ ਕੰਮ ਆਏ ਹਾਂ, ਕਰ ਕੀ ਰਹੇ ਹਾਂ ਤੇ ਸਾਨੂੰ ਕਰਨਾ ਕੀ ਚਾਹੀਦਾ ਹੈ ?

ਕਲੱਬਾਂ, ਸ਼ਰਾਬਖਾਨਿਆਂ, ਨਾਚਘਰਾਂ, ਸਿਨਮਿਆਂ, ਥੀਏਟਰਾਂ, ਖੇਡਾਂ ਦੇ ਸਟੇਡੀਅਮਾਂ ਵਿਚ ਮਨੁੱਖਾਂ ਦੀ ਗਿਣਤੀ ਇਤਨੀ ਹੁੰਦੀ ਹੈ ਕਿ ਉਹਨਾਂ ਨੂੰ ਸਾਂਭਣਾ ਕਈ ਵਾਰੀ ਪ੍ਰਸ਼ਾਸਨ ਦੀ ਸਿਰਦਰਦੀ ਬਣ ਜਾਂਦੀ ਹੈ। ਅਤੇ ਕਿਤਨੇ ਹੀ ਹਾਦਸੇ ਹੋ ਜਾਂਦੇ ਹਨ। ਇਹ ਸਭ ਸੰਸਾਰਕੀ ਕਾਰ ਹੈ। ਜਦੋਂ ਮਨੁੱਖ ਇਕੱਤਰ ਹੋ ਕੇ ਆਪਣੇ ਅਸਲੇ ਨੂੰ ਪਹਿਚਾਨਣ ਦਾ ਉਪਰਾਲਾ ਕਰਦਾ ਹੈ ਤਾਂ ਉਹ ਇਕੱਤਰਤਾ ਸਾਧ ਸੰਗਿ ਹੈ। ਉਹ ਦੇਣਹਾਰ ਦਾਤਾਰ ਦਾ ਸ਼ੁਕਰਗੁਜ਼ਾਰ ਹੁੰਦਾ ਹੈ। ਇਹ ਉਸਦਾ ਆਮ ਜੀਵ ਜੰਤਾਂ ਤੇ ਜਾਨਵਰਾਂ ਨਾਲੋਂ ਉਚੇਰਾ ਤੇ ਸਲਾਹੁਣਯੋਗ ਕੰਮ ਹੈ। ਜੋ ਮਨੁੱਖ ਅਜਿਹਾ ਨਹੀਂ ਕਰ ਰਿਹਾ ਤਾਂ ਉਹ ਜਨਮ ਮਰਨ ਦਾ ਗੇੜ ਹੀ ਪੂਰਾ ਕਰ ਰਿਹਾ ਹੈ। ਇਸ ਨੂੰ, "ਜੰਮੇ ਤੇ ਮਰ ਜਾਏ" ਆਖਿਆ ਗਿਆ ਹੈ। ਭਾਵ ਉਸਨੇ ਭਰਨ ਖੋਖਨ, ਖਾਣ ਪੀਣ, ਓੜਨ-ਪਹਿਨਣ ਤੇ ਫਿਰ ਮਰ ਜਾਣ ਤੋਂ ਇਲਾਵਾ ਹੋਰ ਕੁਝ ਨਹੀਂ ਕੀਤਾ।

ਗੁਰਮਤਿ ਨੇ ਸਾਨੂੰ ਇਸਦੀ ਸਭ ਤੋਂ ਉਤਮ ਵਿਧੀ ਸਾਧ ਸੰਗ ਦੀ ਪ੍ਰੇਰਨਾ ਕੀਤੀ ਹੈ। ਅਤੇ ਆਖਿਆ ਹੈ ਕਿ ਸਾਧ ਸੰਗ ਨਾਲ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਈਦਾ ਹੈ। ਹੁਕਮ ਹੈ :

ਸਾਧਸੰਗਿ ਜਨਮ ਮਰਣ ਨਿਵਾਰੀ॥ ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ॥੨॥<br>
ਕਾਮ ਕ੍ਰੋਧ ਲੋਭ ਮੋਹ ਤਜਾਰੀ॥ ਦ੍ਰਿੜ ਨਾਮਦਾਨੁ ਇਸਨਾਨੁ ਸੁਚਾਰੀ॥੩॥<br>
ਕਹੁ ਨਾਨਕ ਇਹੁ ਤਤੁ ਬੀਚਾਰੀ॥ ਰਾਮ ਨਾਮ ਜਪਿ ਪਾਰਿ ਉਤਾਰੀ॥੪॥੧੨॥੧੮॥

(ਸੂਹੀ ਮਹਲਾ ੫ ਪੰਨਾ ੭੪੦)

ਇਹ ਦਾਤ ਸਾਧ ਸੰਗਤ ਵਿਚੋ ਮਿਲੀ ਕਿ ਅੰਮ੍ਰਿਤ ਕਥਾ, ਅਕਾਲ ਪੁਰਖ ਦੀ ਵਡਿਆਈ ਮੇਰੇ ਕੰਨਾਂ ਦਾ ਆਧਾਰ ਵੀ ਬਣੀ ਤੇ ਜੀਵਨ ਦੀ ਸ਼ਕਤੀ ਵੀ। ਕਾਮ, ਕ੍ਰੋਧ, ਲੋਭ ਆਦਿ ਪਸ਼ੂਆਂ ਵਾਲੇ ਗੁਣ ਗੁਰਸਿੱਖ ਦੇ ਵੱਸ ਵਿਚ ਹੋ ਗਏ। ਜਿਸ ਕਾਰਨ ਅਕਾਲ ਪੁਰਖ ਨਾਲ ਆਪਣੇ ਸਮਾਜ ਨਾਲ ਅਤੇ ਆਪਣੇ ਆਪ ਨਾਲ ਸਹੀ, ਸੁੱਚੇ ਅਤੇ ਅਸਲੀ ਸਬੰਧਾਂ ਦਾ ਪਤਾ ਲੱਗ ਜਾਂਦਾ ਹੈ। ਭਾਵ ਮਨੁੱਖ ਆਪ ਜੀਵ ਜੰਤਾਂ ਤੇ ਜਾਨਵਰਾਂ


www.AKJ.Org

ਤੋਂ ਉਚਾ ਹੈ। ਗੁਰੂ ਨਾਨਕ ਪਾਤਸ਼ਾਹ ਦਾ ਵਿਚਾਰਿਆ ਹੋਇਆ ਇਹ ਤੱਤ ਜੀਵਨ ਰੂਪੀ ਬੇੜੀ ਨੂੰ ਸੰਸਾਰ ਰੂਪੀ ਭਵਸਾਗਰ ਤੋਂ ਸਹਿਜੇ ਹੀ ਪਾਰ ਕਰਕੇ ਲੈ ਜਾਂਦਾ ਹੈ।

ਜਨਮ ਮਰਨ ਦੇ ਗੇੜਿਆਂ ਦਾ ਭੈ ਬੜਾ ਪਾਇਆ ਜਾਂਦਾ ਹੈ। ਇਸ ਸਬੰਧੀ ਅਸੀਂ ਨਿੱਤ ਸੁਣਦੇ ਹਾਂ। ਗੁਰਮਤਿ ਨੇ ਇਸ ਸਬੰਧ ਵਿਚ ਇੱਕ ਹੋਰ ਕ੍ਰਾਂਤੀ ਕੀਤੀ ਹੈ। ਸਭ ਆਖਦੇ ਹਨ ਕਿ ਅਸੀਂ ਕੀੜੇ, ਪਤੰਗੇ, ਹਿਰਨ, ਹਾਥੀ, ਘੋੜੇ, ਪੰਛੀ, ਸੱਪ, ਬ੍ਰਿਖ ਤੇ ਥੋਰੇ ਕੀ ਕੀ ਬਣੇ ਤੇ ਫਿਰ ਮਨੁੱਖਾ ਜਨਮ ਮਿਲਿਆ। ਗੱਲ ਇਹ ਹੈ ਕਿ ਇਹ ਜਨਮ ਉਸਦੇ ਹੁਕਮ ਨਾਲ ਪ੍ਰਾਪਤ ਹੋਇਆ ਹੈ ਤੇ ਜੇ ਉਸਦਾ ਹੁਕਮ ਮੰਨ ਕੇ ਉਸਦੀ ਆਗਿਆ ਆ ਵਿਚ ਕੇ ਅਸੀਂ ਸਾਧ ਸੰਗ ਕਰੀਏ ਤਾ ਸਾਨੂੰ ਇਸ ਜਨਮ ਵਿੱਚ ਇੱਕ ਨਵਾਂ ਜਨਮ ਪ੍ਰਾਪਤ ਹੋਵੇਗਾ। ਹੁਕਮ ਹੈ।

ਸਾਧ ਸੰਗਿ ਭਇਓ ਜਨਮ ਪਰਾਪਤਿ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥

(ਗਉੜੀ ਗੁਆਰੇਰੀ ਮਹਲਾ ੫)

ਜਿਹਨਾਂ ਜੀਵਾਂ ਜੰਤਾਂ ਆਦਿ ਦਾ ਜ਼ਿਕਰ ਉਤੇ ਕੀਤਾ ਹੈ ਉਹ ਤਾਂ ਸਤਿਸੰਗਤ ਕਰ ਨਹੀਂ ਸਕਦੇ। ਫਿਰ ਇਹ ਜਨਮ ਜੋ ਸਾਨੂੰ ਪ੍ਰਾਪਤ ਹੋਇਆ ਹੈ ਇਹ ਕਿਸੇ ਕਰਮ ਕਾਰਨ ਨਹੀਂ ਹੋਇਆ। ਸਗੋਂ ਉਸਦੀ ਮਿਹਰ ਨਾਲ ਹੋਇਆ ਹੈ। ਇਸ ਜਨਮ ਵਿਚ ਸਾਨੂੰ ਉਤਮ ਬੁੱਧੀ ਪ੍ਰਾਪਤ ਹੋਈ ਹੈ ਤੇ ਸਾਨੂੰ ਸੰਗਤ ਵਿਚ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਸਾਡਾ ਸਾਧ ਸੰਗਤ ਵਿਚ ਜਾਣਾ ਨਵੇਂ ਜਨਮ ਦਾ ਪ੍ਰਾਪਤ ਹੋਣਾ ਹੈ। ਅਤੇ ਜੇ ਅਸੀਂ ਗੁਰੂ ਦੀ ਦਿੱਤੀ ਮੱਤ ਅਨੁਸਾਰ ਵਾਹਿਗੁਰੂ ਦੀ ਵਡਿਆਈ ਨੂੰ ਸਮਝ ਲਵਾਂਗੇ ਤਾਂ ਇਹ ਜਨਮ ਸਫਲ ਹੋ ਜਾਏਗਾ।

ਉਂਝ ਤਾਂ ਜਨਮ ਖੁਸ਼ੀ ਦਾ ਕਾਰਜ ਹੈ। ਜਦੋਂ ਕੋਈ ਬੱਚਾ ਜੰਮਦਾ ਹੈ ਤਾਂ ਕਿਤਨੀਆਂ ਖੁਸ਼ੀਆਂ ਅਸੀਂ ਕਰਦੇ ਹਾਂ। ਦਰਅਸਲ ਡਰ ਤਾ ਸਾਨੂੰ ਮੌਤ ਦਾ ਲੱਗਦਾ ਹੈ। ਇਸੇ ਕਾਰਨ ਜਨਮ ਮਰਨ ਦਾ ਗੇੜਾ ਭੈਭੀਤ ਕਰੀ ਰੱਖਦਾ ਹੈ। ਮਿਹਰਬਾਨ ਦਾਤਾ ਸਤਿਗੁਰੂ ਨਾਨਕ ਦੇਵ ਜੀ ਨੇ ਸਾਧ ਸੰਗ ਪ੍ਰਾਪਤ ਕਰਾ ਕੇ ਸਾਡਾ ਇਹ ਡਰ ਵੀ ਕੱਢ ਦਿੱਤਾ ਅਤੇ ਸਾਨੂੰ ਅਭੈਦਾਨ ਮਿਲ ਗਿਆ, ਹੁਕਮ ਹੈ :

ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ॥

ਅਭੈ ਦਾਨ ਪਾਵਉ ਦਾਤੇ ਮਿਲਿ ਸੰਗਤਿ ਹਰਿ ਗੁਣ ਗਾਏ॥ (ਰਾਗ ਬਿਲਾਵਲੁ ਮਹਲਾ ੫)

ਸਾਧ ਸੰਗਤ ਦੀ ਸੇਵਾ ਭਾਵ ਜੋ ਅੰਮ੍ਰਿਤ ਰੂਪੀ ਦਾਤ ਸਾਧ ਸੰਗਤ ਵਿਚੋਂ ਸੇਵਨ ਕਰਨ ਵਾਸਤੇ ਮਿਲੀ ਹੈ, ਉਹ ਗੁਰੂ ਪਾਤਸ਼ਾਹ ਨੇ ਮੇਰੇ ਜੀਵਨ ਦੀ ਕਿਰਤ ਬਣਾ ਦਿੱਤੀ। ਅਤੇ ਸਾਧ ਸੰਗਤ ਵਿਚ ਅਕਾਲ ਪੁਰਖ ਦੇ ਗੁਣ ਗਾਉਣ ਕਾਰਨ ਪੁਰਖ ਦਾਤੇ ਤੇ ਅਭੈਦਾਨ ਬਖਸ਼ ਕੇ ਨਿਰਭਉ ਬਣਾ ਦਿੱਤਾ। ਇਸੇ ਹੀ ਸਬਦ ਦੇ ਅੰਤ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਫਿਰ ਦ੍ਰਿੜ੍ਹ ਕਰਾ ਰਹੇ ਹਨ ਕਿ ਇਹ ਸਾਧ ਸੰਗ ਦੀ ਪਵਿੱਤਰ ਵਿਧੀ ਅਤੇ ਉਸ ਵਿਚੋਂ ਅਭੈਦਾਨ ਦੀ ਪ੍ਰਾਪਤੀ ਮੈਨੂੰ ਗੁਰੂ ਨਾਨਕ ਦੇਵ ਜੀ ਦੀ ਸ਼ਰਨੀਂ ਪਿਆਂ ਪ੍ਰਾਪਤ ਹੋਈ।

ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈਦਾਨੁ ਸੁਖ ਪਾਏ॥

---

## ਦਿੱਲੀ ਗੁ: ਪ੍ਰਬੰਧਕ ਕਮੇਟੀ ਦੀ ਮਹਾਨ ਪ੍ਰਾਪਤੀ

ਸਮੂਹ ਸਿੱਖ ਜਗਤ ਅੰਦਰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਵਿਦਿਅਕ ਖੇਤਰ ਵਿਚ ਪੁਲਾਂਘਾਂ ਪੁੱਟਦਿਆਂ ਹੋਇਆਂ ਦਿੱਲੀ ਸਿੱਖ ਗੁ: ਪ੍ਰਬੰਧਕ ਕਮੇਟੀ ਦੇ ਨਿੱਗਰ ਯਤਨਾਂ ਸਦਕਾ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ਼ ਟੈਕਨੀਕਲ ਐਜੂਕੇਸ਼ਨ ਸ਼ੁਰੂ ਹੋਇਆ ਹੈ ਜਿਸ ਵਿਚ 4 ਨਵੰਬਰ 1999 ਤੋ ਪੜ੍ਹਾਈ ਸ਼ੁਰੂ ਕੀਤੀ ਗਈ ਹੈ। ਇਹ ਕਾਲਜ ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ ਅਤੇ ਦਿੱਲੀ ਖੇਤਰ ਵਿਚ ਪਹਿਲਾ ਖਾਲਸਾ ਇੰਜੀਨੀਅਰਿੰਗ ਕਾਲਜ ਹੈ। ਇਸ ਪ੍ਰਾਪਤੀ ਤੇ ਦਿੱਲੀ ਗੁ: ਪ੍ਰਬੰਧਕ ਕਮੇਟੀ ਨੂੰ ਵਧਾਈ ਪੇਸ਼ ਕਰਦੇ ਹਾਂ। (ਸੂਰਾ ਪਰਿਵਾਰ)


www.AKJ.Org

# ਨਵੰਬਰ 84 : ਸਿੱਖਾਂ ਦਾ ਕਤਲੇਆਮ

(ਹਰੀ ਸਿੰਘ ਜਾਚਕ 1462 ਸੈਕਟਰ 35 ਬੀ ਚੰਡੀਗੜ੍ਹ)

ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਛੇਤੀ, ਦਿੱਤੀਆਂ ਗਈਆਂ ਅਫਵਾਹਾਂ ਫੈਲਾ ਦਿੱਲੀ।
ਪਹਿਲੀ ਅਫਵਾਹ ਕਿ ਕਤਲ ਦੀ ਖ਼ਬਰ ਸੁਣ ਕੇ, ਸਿੱਖ ਰਹੇ ਨੇ ਖੁਸ਼ੀਆਂ ਮਨਾ ਦਿੱਲੀ।
ਥਾਂ ਥਾਂ ਮਿਠਿਆਈਆਂ ਇਹ ਵੰਡ ਕੇ ਤੇ, ਕੱਠੇ ਹੋ ਕੇ ਭੰਗੜੇ ਰਹੇ ਪਾ ਦਿੱਲੀ।
ਦੂਜੀ ਇਹ ਕਿ ਸਿੱਖਾਂ ਨੇ ਮਾਰ ਹਿੰਦੂ, ਪੰਜਾਬੋਂ ਦਿੱਤੇ ਨੇ ਸਾਰੇ ਪਹੁੰਚਾ ਦਿੱਲੀ।
ਭਰੀ ਹਿੰਦੂਆਂ ਦੀਆਂ ਲਾਸ਼ਾਂ ਦੇ ਨਾਲ ਗੱਡੀ, ਖੜੀ ਹੋਈ ਸ਼ਟੇਸ਼ਨ ਤੇ ਆ ਦਿੱਲੀ।
ਤੀਜੀ ਇਹ ਕਿ ਸਿੱਖਾਂ ਨੇ ਕਰ ਸਾਜ਼ਿਸ਼, ਦਿੱਤੇ ਪਾਣੀ 'ਚ ਜਹਿਰ ਮਿਲਾ ਦਿੱਲੀ।
ਥਾਂ ਥਾਂ ਅਫਵਾਹਾਂ ਦਾ ਗਰਮ ਬਜਾਰ ਕਰਕੇ, ਜਾਣ ਬੁੱਝ ਕੇ ਹਿੰਸਾ ਭੜਕਾਈ ਉਦੋਂ।
ਸਿੱਖ ਕੌਮ ਨੂੰ ਸਬਕ ਸਿਖਾਉਣ ਦੇ ਲਈ, ਸੋਚ ਸਮਝ ਕੇ ਵਿਉਂਤ ਬਣਾਈ ਉਦੋਂ।
ਕਾਂਗਰਸੀ ਆਗੂਆਂ ਵਰਕਰਾਂ ਹੋ ਕੱਠੇ, ਖੂਨ ਖਰਾਬੇ ਦੀ ਕੀਤੀ ਅਗਵਾਈ ਉਦੋਂ।
ਡੀ.ਟੀ.ਸੀ. ਬੱਸਾਂ 'ਚ ਲਿਆ ਕੇ ਗੁੰਡਿਆਂ ਨੂੰ, ਸ਼ਰੇਆਮ ਦੀ ਲੁੱਟ ਮਚਾਈ ਉਦੋਂ।
ਸਿੱਖ ਘਰਾਂ, ਦੁਕਾਨਾਂ, ਗੁਰਦੁਆਰਿਆਂ ਨੂੰ, ਚੁਣ ਚੁਣ ਕੇ ਅੱਗ ਸੀ ਲਾਈ ਉਦੋਂ।
ਮਾਨਵਤਾ ਤਾਂਈ ਫਿਰ ਜਿੰਦਾ ਜਲਾ ਕੇ ਤੇ, ਕਤਲੇਆਮ ਦੀ ਹੱਦ ਮੁਕਾਈ ਉਦੋਂ।
ਉਹ ਸੀ "ਸਿੱਖ" ਨੂੰ ਵੇਖ ਕੇ ਟੁੱਟ ਪੈਂਦੇ, ਸੁਣਦੇ ਨਹੀਂ ਸਨ ਕਿਸੇ ਦਾ ਤਰਕ ਕੋਈ।
ਰਾਧਾਸੁਆਮੀ, ਨਿਰੰਕਾਰੀ ਜਾਂ ਨਾਮਧਾਰੀ, ਸਮਝਿਆ ਰਤਾ ਵੀ ਉਨ੍ਹਾਂ ਨਾ ਫਰਕ ਕੋਈ।
ਕਾਮਰੇਡ, ਅਕਾਲੀ, ਜਾਂ ਕਾਂਗਰਸੀ ਵੀ, ਅੱਗੇ ਪਿੱਛੇ ਨਾ ਸਕਿਆ ਸਰਕ ਕੋਈ।
ਰਾਖਸ "ਸ਼ਿੱਖ ਬੋ, ਸਿੱਖ ਬੋ" ਕਰ ਰਹੇ ਸੀ ਦਿੱਲੀ ਨਹੀਂ ਸੀ, ਕੁੰਭੀ ਸੀ ਨਰਕ ਕੋਈ।
ਵਹਿੰਦੇ ਖੂਨ ਨੂੰ ਤੱਕ ਕੇ ਹੱਸਦੇ ਸੀ, ਖੂਨ ਨਹੀਂ ਇਹ ਜਿਦਾਂ ਸੀ ਅਰਕ ਕੋਈ।
ਥਾਂ ਥਾਂ ਜਿਨ੍ਹਾਂ ਨੇ ਦਾਤਾ ਨਿਰਦੋਸ਼ ਮਾਰੇ, ਕਰਦੇ ਉਨ੍ਹਾਂ ਦਾ ਵੀ ਬੇੜਾ ਗਰਕ ਕੋਈ।
ਤੁਰੇ ਜਾਂਦੇ ਸਨ ਵੱਗ ਦੇ ਵਾਂਗ ਇਹ ਤਾਂ, ਤੁਰਦੀ ਇੱਕ ਪਿੱਛੇ ਦੂਜੀ ਭੇਡ ਜਿੱਦਾਂ।
ਸਿੱਖ ਲੱਭਣ ਲਈ ਘਰਾਂ'ਚ ਇਉਂ ਵੜਦੇ, ਵੜਦੀ ਪੁਲਸ ਏ ਮਾਰਨ ਲਈ ਰੇਡ ਜਿਦਾਂ।
ਸਰੀਏ ਮਾਰ ਮਾਰ, ਸਿਰਾਂ ਚੋਂ ਮਿਝ ਕੱਢਦੇ, ਤਿੱਖੇ ਸਰੀਏ ਸਨ ਚਾਕੂ ਬਲੇਡ ਜਿਦਾਂ।
ਮਰਦੇ ਸਿੱਖਾਂ ਵੱਲ ਤੱਕ ਕੇ, ਇਉਂ ਹੱਸਣ, ਲੁਕਣਮੀਟੀ ਦੀ ਹੁੰਦੀ ਕੋਈ ਖੇਡ ਜਿਦਾਂ।
ਸੜਦੇ ਘਰਾਂ ਵੱਲ ਏਦਾਂ ਤੱਕ ਰਹੇ ਸੀ, ਅਜਾਦੀ ਦਿਵਸ ਦੀ ਹੋਵੇ ਪਰੇਡ ਜਿਦਾਂ।
ਕੋਈ ਨਹੀਂ ਕਿਸੇ ਵੀ ਦੇਸ਼ 'ਚ ਖੇਡ ਸਕਦਾ, ਏਥੇ ਖੇਡੀ ਗਈ ਖੂਨੀ ਸੀ ਖੇਡ ਜਿਦਾਂ।
ਬਕਰਿਆਂ ਵਾਂਗ ਸੀ ਸਿੱਖ ਝਟਕਾਏ ਜਿਨ੍ਹਾਂ, ਉਹ ਤਾਂ ਨਿਕਲ ਗਏ ਬਚ ਕੇ ਸਾਫ ਇਥੇ।
ਦਿੱਤੀਆਂ ਧਮਕੀਆਂ ਜਿੰਦਾ ਨਹੀਂ ਉਹ ਛੱਡਣੇ, ਕੱਢੀ ਜਿਨ੍ਹਾਂ ਨੇ ਕਿਧਰੇ ਕੋਈ ਭਾਫ ਏਥੇ।
ਕਰਕੇ ਜ਼ੁਰਮਾਂ ਦੇ ਖ਼ਤਮ ਸਬੂਤ ਲੱਗਦੈ, ਅਤਿਆਚਾਰੀ ਸਭ ਕੀਤੇ ਮੁਆਫ ਏਥੇ।
ਅਜੇ ਤੱਕ ਨਹੀਂ ਸੂਲੀ ਤੇ ਕੋਈ ਟੰਗਿਆ, ਜਿਨ੍ਹਾਂ ਸਿੱਖ ਸਨ ਕੀਤੇ ਸਭ ਸਾਫ ਏਥੇ।
ਦੋ ਮਿੰਟ ਦਾ ਮੋਨ ਨਹੀਂ ਰੱਖ ਸੱਕੀ, ਪਾਰਲੀਮੈਂਟ ਇਹ ਕਤਲਾਂ ਖਿਲਾਫ਼ ਏਥੇ।
15 ਸਾਲ ਤੋਂ ਬਾਅਦ ਵੀ ਅਜੇ ਸਾਨੂੰ, 'ਜਾਚਕ' ਮਿਲਿਆ ਨਹੀਂ ਕੋਈ ਇਨਸਾਫ਼ ਏਥੇ।

# ਸਫਲ ਸ਼ਹਾਦਤ

(ਪ੍ਰਿੰਸੀਪਲ ਸੱਜਣ ਸਿੰਘ ਜੀ, 6/8-ਗੋਬਿੰਦਪੁਰੀ, ਨਵੀਂ ਦਿੱਲੀ-/੧)

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਮਹਾਨਤਾ ਕੇਵਲ ਉਦੇਸ਼ ਤੇ ਆਪਾ ਵਾਰਨ ਦੀ ਭਾਵਨਾ ਕਰਕੇ ਨਹੀਂ, ਬਲਕਿ ਇਸ ਦੇ ਸਫਲ ਪਰਿਣਾਮ ਕਰਕੇ ਵੀ ਹੈ। ਕਈ ਸੁੰਦਰ ਤੇ ਖੁਸ਼ਬੂਦਾਰ ਫੁੱਲ, ਗਲੇ ਦਾ ਹਾਰ ਬਣੇ ਬਿਨਾ ਹੀ ਜੰਗਲ ਵਿੱਚ ਖਿੜ ਕੇ ਕੁਮਲਾ ਜਾਂਦੇ ਹਨ। ਹੁਣ ਵੀ ਤਿਆਗੀ, ਇਕਾਂਤੀ ਤੇ ਤਪੱਸਵੀ ਪੁਰਸ਼ਾਂ ਦੀ ਬਹੁ ਗਿਣਤੀ ਐਸੀ ਹੈ ਜਿਨ੍ਹਾਂ ਨੂੰ ਜਗਤ ਦੇ ਦੁੱਖਾਂ ਦੀ ਨਵਿਰਤੀ ਨਾਲ ਕੋਈ ਵਾਸਤਾ ਨਹੀਂ ਤੇ ਉਹ ਕੇਵਲ ਆਪਣਾ ਪਰਲੋਕ ਸੁਧਾਰਨ ਦੇ ਜਤਨ ਵਿਚ ਮਗਨ ਰਹਿੰਦੇ ਹਨ। ਇਸੇ ਕਾਰਨ ਆਮ ਸੰਸਾਰੀ ਜੀਵ ਇਸ ਤਰ੍ਹਾਂ ਸੋਚਦਾ ਹੈ ਕਿ ਜਿਹੜਾ ਵਿਅਕਤੀ ਦਰਦਮੰਦਾਂ ਦੇ ਦਰਦ ਵੰਡਾਉਣ ਦੀ ਭਾਵਨਾ ਨਹੀਂ ਰੱਖਦਾ, ਤੇ ਅਮਲੀ ਤੌਰ ਤੇ ਦੁੱਖਾਂ-ਸੁੱਖਾਂ ਦਾ ਸਾਂਝੀਵਾਲ ਨਹੀਂ ਬਣਦਾ, ਉਸ ਦੀ ਚੰਗਿਆਈ ਤੇ ਭਲਾਈ ਦਾ ਸਾਨੂੰ ਕੀ ਲਾਭ?

ਗੁਰਦੇਵ ਜੀ ਇੱਕ ਪਾਸੇ ਜੰਗ ਵਿਚ ਤੇਗ਼-ਜ਼ਨੀ ਦੇ ਹੁਨਰ ਦਾ ਕਮਾਲ ਦਿਖਾ ਕੇ ਤੇਗ ਬਹਾਦਰ ਦੇ ਨਾਮ ਨਾਲ ਸਨਮਾਨੇ ਗਏ, ਦੂਸਰੇ ਪਾਸੇ ਬਕਾਲਾ ਸਾਹਿਬ ਵਿੱਚ ਲਗਾਤਾਰ ਘੋਰ ਤਪੱਸਿਆ ਤੇ ਨਾਮ ਸਿਮਰਨ ਦੇ ਸਦਕੇ ਮਹਾਨ ਤਿਆਗੀ ਤੇ ਬੈਰਾਗੀ ਦੇ ਰੂਪ ਵਿੱਚ ਉਜਾਗਰ ਹੋਏ। ਏਨ੍ਹਾਂ ਦੋਹਾਂ ਦੈਵੀ ਗੁਣਾਂ ਦੇ ਸੁਜੋੜ ਨੇ ਬੇਮਿਸਾਲ ਸ਼ਹਾਦਤ ਦਾ ਬੀਜ ਬੋ ਕੇ ਸਮੁੱਚੇ ਸਿੱਖ ਜਗਤ ਨੂੰ ਅਣਖ ਤੇ ਆਤਮ-ਸਮਰਪਨ ਦੀਆਂ ਭਾਵਨਾਵਾਂ ਨਾਲ ਰੰਗ ਦਿੱਤਾ।

ਬਾਦਸ਼ਾਹ ਤੇ ਪਾਤਸ਼ਾਹ ਦੀ ਜੰਗ ਬਹੁਤ ਮਹੱਤਵ-ਪੂਰਨ ਸੀ। ਜ਼ੁਲਮ, ਜਬਰ ਦੀ ਇੰਤਹਾ ਅਤੇ ਸਬਰ ਸਿਦਕ ਦੇ ਸਿਖਰ ਦਾ ਸੰਘਰਸ਼ ਸੀ। ਔਰੰਗਜ਼ੇਬ ਪ੍ਰੇਰਨਾ ਦੁਆਰਾ, ਲਾਲਚ ਨਾਲ ਤੇ ਜ਼ੁਲਮ ਦੀ ਤਲਵਾਰ ਨਾਲ, ਗੁਰਦੇਵ ਜੀ ਨੂੰ ਅਧੀਨ ਕਰ ਕੇ ਆਪਣੇ ਪਰਉਪਕਾਰੀ ਨਿਸ਼ਾਨੇ ਤੋਂ ਗਿਰਾਉਣਾ ਚਾਹੁੰਦਾ ਸੀ, ਤੇ ਮਾਨਸਕ ਤੌਰ ਤੇ ਹਰਾਉਣਾ ਚਾਹੁੰਦਾ ਸੀ। ਹਜ਼ੂਰ ਦਾ ਨਿਸ਼ਾਨਾ ਅਝੁੱਕ ਰਹਿ ਕੇ ਆਪਣੇ ਸਰੀਰ ਤੱਕ ਦਾ ਬਲੀਦਾਨ ਕਰਨਾ ਸੀ। ਔਰੰਗਜ਼ੇਬ ਨੇ ਸਮਝਿਆ ਹੋਵੇਗਾ ਕਿ ਮੈਂ ਨੇ ਸ਼ਾਹੀ ਫ਼ੁਰਮਾਨ ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦਾ ਸਿਰ ਕਲਮ ਕਰ ਕੇ ਸੱਚ ਦੀ ਆਵਾਜ਼ ਨੂੰ ਕੁਚਲ ਦਿੱਤਾ ਹੈ, ਪਰ ਉਸ ਨੇ ਹਕੂਮਤ ਦੇ ਨਸ਼ੇ ਵਿਚ ਇਹ ਨਹੀਂ ਵਿਚਾਰਿਆ ਕਿ ਜਾਨ ਲੈਣਾ ਆਖ਼ਰੀ ਹਥਿਆਰ ਹੈ, ਪਰ ਵਾਸਤਵ ਵਿੱਚ ਇਹ ਜਿੱਤ ਨਹੀਂ, ਹਾਰ ਹੈ। ਸਮੇਂ ਦੀ ਚਾਲ ਨੇ ਪਰਤੱਖ ਦਿਖਾ ਦਿੱਤਾ ਕਿ ਜ਼ਾਲਮ ਮੁਗ਼ਲ ਹਕੂਮਤ ਦੀ ਝੋਲੀ ਵਿੱਚ ਸ਼ਿਕੱਸਤ ਦਾ ਤੁਹਫ਼ਾ ਪਿਆ ਤੇ ਮਹਾਨ ਸ਼ਹੀਦ ਸੂਰੇ ਨੂੰ ਸ਼ਾਨਦਾਰ ਫ਼ਤਹ ਦਾ ਅਮਰ ਨਿਸ਼ਾਨ ਪ੍ਰਾਪਤ ਹੋਇਆ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਜੇ ਕਿਸੀ ਸ਼ਹਾਦਤ ਬਾਅਦ ਸ਼ਹੀਦ ਦੇ ਪਾਏ ਪੂਰਨਿਆਂ ਤੇ ਕੋਈ ਚੱਲ ਨ ਸਕੇ, ਉਸ ਦੀ ਬੁਲੰਦ ਆਵਾਜ਼ ਨੂੰ ਕੋਈ ਦੁਹਰਾ ਨ ਸਕੇ ਤੇ ਉਸ ਤਹਰੀਕ ਦਾ ਅੰਤ ਹੋ ਜਾਵੇ ਤਾਂ ਇਹ ਗੱਲ ਇਹ ਕਹਿਣੀ ਬਣਦੀ ਹੈ ਕਿ ਸ਼ਹੀਦ ਦੀ ਮ੍ਰਿਤੂ ਹੋਈ ਹੈ। ਪਰ ਜੇ ਇਕ ਬਲੀਦਾਨ ਉਪਰੰਤ ਅਨੇਕਾਂ ਮਰਜੀਵੜੇ ਆਪਣੀ ਜਾਨ ਤਲੀ ਤੇ ਰੱਖ ਕੇ ਮੈਦਾਨ ਵਿੱਚ ਆ ਨਿੱਤਰਨ ਤੇ ਚਲਾਏ ਹੋਏ ਅੰਦੋਲਨ ਨੂੰ ਹੋਰ ਸ਼ਕਤੀਸ਼ਾਲੀ ਬਣਾ ਦੇਣ ਤਾਂ ਸ਼ਹੀਦ ਸਦਾ ਲਈ ਅਮਰ ਹੋਇਆ ਸਮਝਿਆ ਜਾਂਦਾ ਹੈ।

ਔਰੰਗਜ਼ੇਬ ਰਾਮ ਰਾਇ ਨੂੰ ਕਰਾਮਾਤ ਦੇ ਜਾਲ ਵਿਚ ਫਸਾ ਕੇ ਖ਼ੁਸ਼ਾਮਦੀ ਬਨਾਉਣ ਵਿੱਚ ਸਫ਼ਲ ਹੋ ਗਿਆ ਸੀ। ਉਸ ਨੇ ਇਹ ਨੀਤੀ, ਕਈ ਦਰਵੇਸ਼ਾਂ ਦੀ ਪ੍ਰੀਖਿਆ ਲੈਣ ਲਈ ਵਰਤੀ। ਹਜ਼ੂਰ ਨੂੰ ਵੀ ਕਰਾਮਾਤ ਵਿਖਾਉਣ ਲਈ ਆਖਿਆ ਗਿਆ ਸੀ, ਪਰ ਔਰੰਗਜ਼ੇਬ ਦੀ ਇਹ ਚਾਹ ਸ਼ਹਾਦਤ ਤੋਂ ਪਹਿਲਾਂ ਤਾਂ ਨਹੀਂ, ਸ਼ਹੀਦੀ ਦੇ ਬਾਅਦ ਪੂਰੀ ਹੋ ਗਈ।

ਧਾਰਮਕ ਸੁਤੰਤਰਤਾ ਤੇ ਮਾਨਵਤਾ ਦੇ ਹੱਕਾਂ ਦੀ ਖ਼ਾਤਰ ਕੀਤੀ ਇਸ ਕੁਰਬਾਨੀ ਨੇ ਸਾਰੇ ਭਾਰਤ ਨੂੰ, ਤੇ ਵਿਸ਼ੇਸ਼ ਤੌਰ ਤੇ ਦਿੱਲੀ ਦੇ ਗੁਰਸਿੱਖਾਂ ਦੀ ਆਤਮਾ ਨੂੰ ਵਲੂੰਦਰ ਕੇ ਰੱਖ ਦਿੱਤਾ। ਕਈ ਸਬਰ ਦੇ ਘੁੱਟ ਪੀ ਕੇ ਬਹਿ ਗਏ, ਕਈਆਂ ਨੇ ਕੁਝ ਕਰਨ ਦੀ ਠਾਨ ਲਈ। ਹਿਰਦੇ ਦੀ ਵੇਦਨਾ ਨੇ, ਪਤਾ ਨਹੀਂ, ਕਿਹੜੇ ਕਿਹੜੇ ਰੂਪ ਧਾਰਨ ਕੀਤੇ। ਸਾਰਾ ਜਗਤ ਭੈ-ਭੀਤ, ਤੇ ਸੋਗ ਨਾਲ ਭਰ ਗਿਆ। ਹਕੂਮਤ ਪ੍ਰਤੀ ਹੈ 'ਹੈ ਹੈ'



www.AKJ.Org

ਤੇ ਫਿਟਕਾਰ ਦੇ ਬਚਨ ਆਪ-ਮੁਹਾਰੇ ਨਿਕਲੇ,; ਪਰ ਇਸ ਦੇ ਵਿਪਰੀਤ ਸੁਰ ਲੋਕ ਵਿੱਚ ਅਥਾਹ ਸ਼ਰਧਾ ਭਰਭੂਰ ਸਵਾਗਤ ਹੋਇਆ ਤੇ ਉਪਕਾਰ ਭਰੀ ਬੇਗਰਜ਼ ਸ਼ਹਾਦਤ ਵਜੋਂ 'ਜੈ ਜੈਕਾਰ' ਦੀਆਂ ਧੁਨੀਆਂ ਨਾ ਸਮੂਹ ਪੁਰੀਆਂ ਤੇ ਲੋਕ ਗੂੰਜਣ ਲੱਗ ਪਏ -

ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ ॥੧੬॥ (ਬਚਿਤ੍ਰ ਨਾਟਕ, ਧਿਆਇ ੫)

ਰੱਬੀ ਨੂਰ ਤੇ ਹੋਏ ਬੇਅੰਤ ਤਸੀਹੇ ਤੇ ਇਸ ਦਰਦਨਾਕ ਸਾਕੇ ਨੂੰ ਤੱਕ ਕੇ ਕਾਦਰ ਦੀ ਕੁਦਰਤ ਦਾ, ਰੋਸ ਵਜੋਂ, ਅਸਾਧਾਰਣ ਰੂਪ ਤੱਕਣ ਵਿਚ ਆਇਆ। ਹਜ਼ੂਰ ਦੇ ਪਾਵਨ ਸਰੀਰ ਦੀ, ਮੁਗਲ ਹਕੂਮਤ ਨਿਰਾਦਰੀ ਨ ਕਰੇ, ਅਗੰਮੀ ਕਲਾ ਕਰਾਮਾਤ ਦੇ ਰੂਪ ਵਿੱਚ ਵਰਤ ਗਈ। ਝੱਖੜ ਅੰਧੇਰੀ ਤੇ ਤੂਫ਼ਾਨ ਨੇ ਚਾਂਦਨੀ ਚੌਕ ਦਾ ਇਲਾਕਾ ਆਪਣੇ ਘੇਰੇ ਵਿੱਚ ਲੈ ਲਿਆ। ਦੈਵੀ ਗੁਪਤ ਪ੍ਰੇਰਨਾ ਨੇ ਪਿਆਰੇ ਗੁਰਸਿੱਖਾਂ ਨੂੰ ਸਾਹਸੀ ਤੇ ਬਲਵਾਨ ਬਣਾ ਕੇ ਬਿਖਮ ਘਾਲ ਕਰਨ ਦਾ ਉਦਮ ਬਖਸ਼ਿਆ। ਇਸ ਅਫਰਾ ਦਫਰੀ ਵਿਚ ਮਹਾਰਾਜ ਦਾ ਪਾਵਨ ਸੀਸ, ਭਾਈ ਜੈਤਾ ਨੇ ਉਠਾ ਕੇ ਆਨੰਦਪੁਰ ਸਾਹਿਬ ਪਹੁੰਚਾ ਦਿੱਤਾ। ਪਾਵਨ ਧੜ ਦੀ ਸੇਵਾ ਕਰਨ ਦਾ ਮਾਣ ਭਾਈ ਲਖੀ ਸ਼ਾਹ ਵਣਜਾਰੇ ਨੂੰ ਪ੍ਰਾਪਤ ਹੋਇਆ, ਜਿਸ ਨੇ ਰਕਾਬਗੰਜ ਵਿਚ ਸਸਕਾਰ ਕਰਨ ਦੀ ਆੜ ਵਿਚ ਆਪਣੇ ਘਰ ਨੂੰ ਵੀ ਅੱਗ ਲਾ ਕੇ ਭਸਮ ਕਰ ਦਿੱਤਾ। ਇਹ ਕੌਤਕ ਕਰਾਮਾਤ ਤੋਂ ਘੱਟ ਨਹੀਂ ਸੀ। ਔਰੰਗਜ਼ੇਬ ਦਾ ਸਾਰਾ ਮਿਥਿਆ ਹੋਇਆ ਪ੍ਰੋਗਰਾਮ ਭੰਗ ਹੋ ਗਿਆ।

ਗੁਰੂ ਤੇਗ ਬਹਾਦਰ ਸਾਹਿਬ ਦੀ ਨਿਸ਼ਕਾਮ ਸ਼ਹਾਦਤ ਦੇ ਪ੍ਰਤੀਕਰਮ ਤੋਂ ਔਰੰਗਜ਼ੇਬ ਦਾ ਭਵਿੱਖ ਪ੍ਰਭਾਵਤ ਹੋਏ ਬਿਨਾ ਨਹੀਂ ਰਹਿ ਸਕਿਆ। ਜਿਸ ਧਰਤੀ ਤੇ ਹਜ਼ੂਰ ਦਾ ਖ਼ੂਨ ਡੁੱਲ੍ਹਿਆ, ਉਸ ਧਰਤੀ ਤੇ ਔਰੰਗਜ਼ੇਬ ਜ਼ਿਆਦਾ ਦੇਰ ਰੁੱਕ ਨਹੀਂ ਸਕਿਆ। ਅੰਤ ਨੂੰ ਉਹ ਸਮਾਂ ਭੀ ਆਇਆ ਜਦ ਉਸ ਨੇ ਅਨੁਭਵ ਕੀਤਾ ਤੇ ਸਵੀਕਾਰ ਕੀਤਾ ਕਿ ਉਸ ਨੇ ਆਪਣਾ ਜੀਵਨ ਬੇਗੁਨਾਹਾਂ ਤੇ ਨਿਰਦੋਸ਼ਾਂ ਦੇ ਖ਼ੂਨ ਨਾਲ ਰੰਗਿਆ ਹੈ ਤੇ ਕਿਆਮਤ ਦੇ ਦਿਨ ਉਹ ਮੁਜਰਮ ਦੀ ਹੈਸੀਅਤ ਵਿਚ ਖੜਾ ਹੋਵੇਗਾ।

ਭਾਰਤ ਦੇ ਵਸਨੀਕਾਂ ਨੂੰ ਏਨੀ ਸੋਝੀ ਜ਼ਰੂਰ ਹੋਈ ਕਿ ਸਾਡਾ, ਅਨਾਥਾਂ ਦਾ, ਨਿਮਾਣਿਆਂ ਦਾ, ਸੰਸਾਰ ਵਿਚ ਕੋਈ ਹੈ। ਇਸ ਭਾਵਨਾ ਅਧੀਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਨੂੰ ਹਿੰਦ ਦੀ ਚਾਦਰ ਕਹਿ ਕੇ ਪੁਕਾਰਿਆ ਜਾਂਦਾ ਹੈ। ਹੈ ਵੀ ਠੀਕ, ਜਿਵੇਂ ਚਾਦਰ ਕਿਸੇ ਵਿਅਕਤੀ ਦੇ ਸਰੀਰ ਨੂੰ ਢੱਕਦੀ ਹੈ, ਪਾਲੇ ਕੱਕਰ ਤੋਂ ਬਚਾਂਦੀ ਹੈ, ਤਿਵੇਂ ਹੀ ਗੁਰਦੇਵ ਜੀ ਨੇ ਹਿੰਦ ਨੂੰ ਮੁਗਲ ਹਕੂਮਤ ਦੀ ਜਬਰੀ ਧਰਮ ਪ੍ਰੀਵਰਤਨ ਤੋਂ ਬਚਾਇਆ ਤੇ ਇਸ ਦੇ ਬਦਲੇ ਆਪਣਾ ਖ਼ੂਨ ਪਰਦਾਨ ਕੀਤਾ ਹੈ।

ਮਹਾਨ ਕੁਰਬਾਨੀ ਦੇ ਰੰਗ ਸਿਦਕੀ ਸਿੱਖਾਂ ਦੇ ਮਨਾਂ ਉਤੇ ਚੜ੍ਹਿਆ ਪਰਤੱਖ ਦਿਸਦਾ ਹੈ, ਜਦ ਕੁਝ ਸਮੇਂ ਬਾਅਦ ਇੱਕ ਸਿੱਖ ਨੇ ਗੁੱਸੇ ਤੇ ਬੀਰ ਰਸ ਦੀ ਭਾਵਨਾ ਅਧੀਨ ਜਾਮਾ ਮਸਜਿਦ ਵਿਚ ਔਰੰਗਜ਼ੇਬ ਨੂੰ ਪੱਥਰ ਜਾਂ ਇੱਟ ਮਾਰਨ ਦੀ ਜੁਰਅਤ ਕੀਤੀ। ਉਸ ਦੀ ਜਾਨ ਤਾਂ ਬਚ ਗਈ, ਪਰ ਇਹ ਸਪੱਸ਼ਟ ਹੋ ਗਿਆ ਕਿ ਸਿੱਖ ਕੌਮ ਹੁਣ ਆਰਾਮ ਨਾਲ ਨਹੀਂ ਬੈਠੇਗੀ, ਨਾ ਬੈਠਣ ਦੇਵੇਗੀ।

ਇਹ ਮਹਾਂ ਬਲੀਦਾਨ ਨੇ ਬਾਲਾ ਪ੍ਰੀਤਮ ਗੋਬਿੰਦ ਰਾਇ ਨੂੰ ਸਿੱਖ ਦੀ ਰੂਪ-ਰੇਖਾ ਤੇ ਫ਼ਿਲਾਸਫ਼ੀ ਨੂੰ ਨਵੇਂ ਰੂਪ ਵਿੱਚ ਢਾਲਣ ਲਈ ਪ੍ਰੇਰਤ ਕੀਤਾ। ਆਪ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਗੁਰਸਿੱਖਾਂ ਦੀ ਸੋਚਣੀ, ਰਹਿਣੀ ਬਹਿਣੀ ਤੇ ਕਹਿਣੀ ਵਿੱਚ ਜ਼ਬਰਦਸਤ ਇਨਕਲਾਬ ਲਿਆਉਣ ਲਈ ਉਚਿਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ। ਬੇਸ਼ਕ ਇਸ ਤਰ੍ਹਾਂ ਦਾ ਇਨਕਲਾਬ ਪੰਚਮ ਪਾਤਸ਼ਾਹ ਦੀ ਸ਼ਹਾਦਤ ਬਾਅਦ ਵੀ ਆਇਆ ਸੀ, ਪਰ ਹੁਣ ਦਸਮੇਸ਼ ਪਿਤਾ ਜੀ ਨੇ ਗੁਰਸਿੱਖੀ ਨੂੰ ਅੰਤਮ ਛੂਹ ਦੇ ਕੇ ਅੰਮ੍ਰਿਤ ਛਕਾਉਣ, ਖਾਲਸਾ ਸਜਾਉਣ ਤੇ ਪੰਜਾਂ ਪਿਆਰਿਆਂ ਵਿਚ ਆਪਣੀ ਜੋਤਿ ਪਰਵੇਸ਼ ਕਰ ਕੇ ਨਾਮ ਦੇਣ ਦਾ ਅਧਿਕਾਰੀ ਬਣਾਉਣਾ ਸੀ।

ਵਿਸ਼ਾਲ ਮੁਗਲ ਸਾਮਰਾਜ ਨਾਲ ਟੱਕਰ ਅਰੰਭ ਹੋ ਗਈ। ਹਜ਼ੂਰ ਦੇ ਚਾਰੇ ਸਾਹਿਬਜ਼ਾਦਿਆਂ ਨੇ (ਵੱਡਿਆਂ ਨੇ ਚਮਕੌਰ ਦੀ ਗੜ੍ਹੀ ਵਿਚ ਤੇ ਛੋਟਿਆਂ ਤੇ ਸਰਹਿੰਦ ਦੀ ਦੀਵਾਰ ਵਿਚ) ਜੂਝਣ ਸਮੇਂ ਆਪਣੇ ਦਾਦਾ ਜੀ

(ਬਾਕੀ ਪੰਨਾ ੪੭ ਤੇ .....)


www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1.ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ੍ਰ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।

੨.ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68607

3.ਚੰਡੀਗੜ੍ਹ,ਮੋਹਾਲੀ: ਭਾਈ ਫੌਜਿੰਦਰ ਸਿੰਘ ਜੀ 532/3-ਏ, ਮੋਹਾਲੀ। ਟੈਲੀਫੋਨ : 260569

4.ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5.ਖਰੜ, ਮੋਰਿੰਡਾ: ਭਾਈ ਅਜੀਤ ਸਿੰਘ ਜੀ, ਮਕਾਨ ਨੰ: 214, ਵਾਰਡ ਨੰ: 4, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀਫੋਨ : 01888-46036

੬.ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਬਲਵਿੰਦਰ ਸਿੰਘ ਜੀ, 4969-ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

7.ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ।

8.ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

੯.ਪਠਾਨਕੋਟ: ਸ੍ਰ: ਹਰਭਜਨ ਸਿੰਘ M.E.S. ਪਠਾਨਕੋਟ।

10.ਅੰਬਾਲਾ: ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।

11.ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ ਮਕਾਨ ਨੰ:7819, ਨੇੜੇ ਡੰਗਰਾਂ ਦਾ ਹਸਪਤਾਲ। ਫੋਨ : 217743

੧੨.ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ।

13.ਸਰਹੰਦ: ਸ੍ਰ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

14.ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ।

15.ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP. Tel : 01753-530624

16.ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212 001604

17.ਕੈਨੇਡਾ: ਭਾਈ ਰਿਪੁਦਮਨ ਸਿੰਘ, ਮਲਿਕ ਸਿੰਘ, ਫੋਨ : 18006630224 2639657

18.ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

19.ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

ਜ਼ਰੂਰੀ ਨੋਟ : *ਉਪਰ ਲਿਖੇ ਸੇਵਾਦਾਰਾਂ ਤੋਂ ਇਲਾਵਾ ਸੂਰਾ ਵਾਸਤੇ ਕੋਈ ਵੀ ਮਾਇਆ ਕੇਵਲ ਸੂਰਾ ਲੁਧਿਆਣਾ ਦੇ ਦਫ਼ਤਰ ਵਿਚ ਹੀ ਭੇਜੋ ਜੀ। ੨. ਸੂਰਾ ਵਾਸਤੇ ਚੈਕ, ਡਰਾਫਟ ਆਦਿ ਕੇਵਲ ਸੂਰਾ ਮੰਥਲੀ ਲੁਧਿਆਣਾ ਦੇ ਨਾਮ ਹੀ ਭੇਜੋ ਜੀ। 3. ਬਾਕੀ ਸ਼ਹਰਿਾਂ ਵਿਚੋਂ ਸੂਰਾ ਦੀ ਸੇਵਾ ਕਰਨ ਦੇ ਚਾਹਵਾਨ ਸੱਜਣ ਸੂਰਾ ਦਫ਼ਤਰ ਨਾਲ ਜਲਦੀ ਸੰਪਰਕ ਕਰੋ ਜੀ ਤਾਂ ਕਿ ਉਹਨਾਂ ਦੇ ਨਾਮ ਵੀ ਆਉਂਦੇ ਪਰਚੇ ਵਿਚ ਛਾਪੇ ਜਾ ਸਕਣ।* ਦਾਸਰਾ - ਸੰਪਾਦਕ



www.AKJ.Org

# ਸਿੱਖ ਗੁਰਦੁਆਰਾ ਐਕਟ, 1925 ਵਿਚ ਸੋਧਾਂ-ਨੋਟਿਫਿਕੇਸ਼ਨ ਰਾਹੀਂ।

ਗੁਰਚਰਨਜੀਤ ਸਿੰਘ ਲਾਂਬਾ, ਐਡਵੋਕੇਟ,24, ਸ਼ਹੀਦ ਊਧਮ ਸਿੰਘ ਨਗਰ ਜਲੰਧਰ

*(ਜਸਟਿਸ ਹਰਬੰਸ ਸਿੰਘ ਵਲੋਂ ਸਿਖ ਗੁਰਦੁਆਰਾ ਐਕਟ 1925 ਵਿਚ ਸੋਧਾਂ ਦਾ ਜੋ ਖਰੜਾ ਸਿੱਧਾ ਗ੍ਰਹਿ ਮੰਤਰਾਲੇ ਨੂੰ ਭੇਜਿਆ ਗਿਆ ਸੀ ਉਸ ਸਬੰਧੀ ਪਿਛਲੇ ਦਿਨੀਂ ਕਾਫ਼ੀ ਵਾਦ-ਵਿਵਾਦ ਰਖਿਆ ਭਖਿਆ ਰਿਹਾ ਹੈ ਇਹ ਸੋਧਾਂ ਕੀ ਹਨ ਤੇ ਇਹ ਕਿਸ ਤਰਾਂ ਸਿੱਖੀ ਨੂੰ ਹਾਨੀ ਪੁਚਾ ਸਕਦੀਆਂ ਹਨ ਇਸ ਸਬੰਧੀ ਐਡਵੋਕੇਟ ਗੁਰਚਰਨਜੀਤ ਸਿੰਘ ਜੀ ਵਲੋਂ ਭੇਜਿਆ ਇਹ ਵਿਸਥਾਰ ਪੂਰਵਕ ਲੇਖ ਪਾਠਕਾਂ ਦੀ ਜਾਣਕਾਰੀ ਹਿਤ ਹੂ-ਬ-ਹੂ ਹੇਠਾਂ ਛਾਪਿਆ ਜਾ ਰਿਹਾ ਹੈ ਸੰਪਾਦਕ)*

ਮੌਜੂਦਾ ਸਿੱਖ ਗੁਰਦੁਆਰਾ ਐਕਟ, 1925 ਵਿਚ 'ਨੋਟਿਫਿਕੇਸ਼ਨ' ਰਾਹੀਂ ਦੂਰਗਾਮੀ ਤਬਦੀਲੀਆਂ ਅਤੇ ਤਰਮੀਮਾਂ ਕਰਨ ਲਈ ਚੀਫ ਜਸਟਿਸ (ਰਿ.) ਹਰਬੰਸ ਸਿੰਘ ਜੀ, ਚੀਫ ਕਮਿਸ਼ਨਰ, ਗੁਰਦੁਆਰਾ ਚੋਣਾ ਵਲੋਂ ਤਿਆਰ ਕੀਤਾ ਇਕ ਖਰੜਾ ਗ੍ਰਹਿ ਮੰਤ੍ਰਾਲੇ ਨੇ ਸ਼੍ਰੋਮਣੀ ਕਮੇਟੀ ਕੋਲ 25 ਅਗਸਤ,1999 ਨੂੰ ਭੇਜਿਆ ਕਿ ਇਸ ਤੇ ਆਪਣੀ ਰਾਇ ਇਕ ਹਫਤੇ ਦੇ ਅੰਦਰ ਅੰਦਰ ਜੇ ਦੇਣਾ ਚਾਹੋ ਤਾਂ ਦੇ ਸਕਦੇ ਹੋ। ਇਸ ਦੇ ਨਾਲ ਹੀ ਪੰਜਾਬ ਸਰਕਾਰ ਦੇ ਚੋਣਾਂ ਵਿਭਾਗ ਨੇ ਵੀ 16 ਸਤੰਬਰ, 1999 ਨੂੰ ਸ਼੍ਰੋਮਣੀ ਕਮੇਟੀ ਨੂੰ ਇਹਨਾਂ ਤਜਵੀਜ਼ਾਂ ਤੇ ਦੋ ਹਫਤੇ ਅੰਦਰ ਅੰਦਰ ਆਪਣੇ ਵਿਚਾਰ ਦੇਣ ਲਈ ਕਿਹਾ ਹੈ ਤਾਂ ਕਿ ਇਹ ਜਵਾਬ ਕੇਂਦਰ ਸਰਕਾਰ ਨੂੰ ਭੇਜਿਆ ਜਾ ਸਕੇ। ਉਪਰੀ ਜਾਚੇ ਤਾਂ ਇਕ ਸਾਧਾਰਣ ਅਤੇ ਆਮ ਜਿਹਾ ਦਸਤਾਵੇਜ਼ ਸੀ ਪਰ ਇਸ ਖਰੜੇ ਦੀ ਭਾਸ਼ਾ ਅਤੇ ਇਸਦੇ ਨਾਲ ਨੱਥੀ ਕੀਤੇ ਵਿਆਖਿਆ ਕਰਦੇ ਨੋਟ ਐਸੇ ਗੁੰਝਲਦਾਰ ਅਤੇ ਭੁਲੇਖਾ ਪਾਊ ਹਨ ਕਿ ਜੇਕਰ ਇਸ ਖਰੜੇ ਦੇ ਨਾਲ ਸਿੱਖ ਗੁਰਦੁਆਰਾ ਐਕਟ, 1925, ਦਿੱਲੀ ਸਿੱਖ ਗੁਰਦੁਆਰਾ ਐਕਟ, 1971 ਪੰਜਾਬ ਰਿਆਰਗੇਨਾਜ਼ੇਸ਼ਨ ਐਕਟ, 1966, ਸਿੱਖ ਗੁਰਦੁਆਰਾ ਬਿਲ, 1999 ਅਤੇ ਪਿਛਲੇ ਨੋਟੀਫਿਕੇਸ਼ਨਾਂ ਵਿਚੋਂ ਕਾਤਰਾਂ ਨਾ ਜੋੜੀਆਂ ਜਾਣ ਤਾਂ ਇਹ ਖਰੜਾ ਕਿਹੜੀਆਂ ਤਬਦੀਲੀਆਂ ਜਾਂ ਤਰਮੀਮਾਂ ਸੁਝਾ ਰਿਹਾ ਹੈ, ਬਿਲਕੁਲ ਸਮਝ ਨਹੀਂ ਆ ਸਕਦਾ। ਆਸ ਦੇ ਵਿਰੁੱਧ ਇਸ ਖਰੜੇ ਦੇ ਨਾਲ ਭੇਜੇ ਨੋਟ ਉਹਨਾਂ ਤਰਮੀਮਾਂ ਮਸਲਨ (ੳ) ਸ਼ਰਾਬੀਆਂ ਨੂੰ ਵੋਟਰ ਬਣਾਣ ਦੀ ਖੁੱਲ (ਅ) ਪਤਿਤਾਂ ਦੇ ਮੈਂਬਰ ਬਣਨ ਤੇ ਲਗੀ ਪਾਬੰਦੀ ਹਟਾਈ ਜਾਣੀ (ੲ) ਸਿੱਖ ਦੀ ਪਰਿਭਾਸ਼ਾ ਬਦਲ ਦਿੱਤੀ ਜਾਣੀ ਅਤੇ (ਸ) ਸਿੱਖ ਗੁਰਦੁਆਰਾ ਐਕਟ ਵਿਚ ਤਰਮੀਮ ਲਈ ਸ਼੍ਰੋਮਣੀ ਕਮੇਟੀ ਦੀ ਮਨਜ਼ੂਰੀ ਜ਼ਰੂਰੀ ਨਾ ਰੱਖਣੀ ਆਦਿ ਆਦਿ ਦਾ ਬਿਲਕੁਲ ਜ਼ਿਕਰ ਤਕ ਵੀ ਨਹੀਂ ਕਰਦੇ ਜੋ ਕਿ ਅਹਿਮ ਅਤੇ ਮੁੱਢਲੇ ਅਸੂਲਾਂ ਤੇ ਅਸਰ ਕਰਦੀਆਂ ਹਨ। ਇਹ ਪ੍ਰਸਤਾਵਤ ਤਰਮੀਮਾਂ ਸਿੱਖ ਰਹਿਤ ਮਰਯਾਦਾ ਦੇ ਮੁੱਢਲੇ ਸਿਧਾਂਤਾ ਅਤੇ ਖਾਲਸਾ ਜੀ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੇ ਅਧਿਕਾਰ ਨੂੰ ਵੀ ਤਕੜਾ ਖੋਰਾ ਲਾਉਣ ਦੇ ਨਾਲ ਹੀ ਇਹ ਦੇਸ਼ ਦੇ ਸਥਾਪਿਤ ਕਾਨੂੰਨ, ਵਿਧਾਨ ਅਤੇ ਇਨਸਾਫ ਦੀ ਵੀ ਉਲੰਘਣਾ ਕਰਦਾ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਖਰੜਾ ਅਤੇ ਇਸਦੇ ਨਾਲ ਨੱਥੀ ਵਿਆਖਿਆ ਨੋਟ ਸ਼੍ਰੋਮਣੀ ਕਮੇਟੀ ਅਤੇ ਸਿੱਖਾਂ ਦੀਆਂ ਸੰਸਥਾਵਾਂ ਕੋਲ ਭੇਜਿਆ ਗਿਆ ਹੈ ਜਾਂ ਭੇਜਿਆ ਜਾਣਾ ਹੈ ਤਾਂ ਫਿਰ ਇੰਨ੍ਹੀ ਪੇਚੀਦਾ, ਭੁਲੇਖਾ ਪਾਊ ਅਤੇ ਔਖੀ ਕਾਨੂੰਨੀ ਸ਼ਬਦਾਵਲੀ ਵਿਚ ਕਿਉਂ ਭੇਜੇ ਗਏ ਹਨ ?

ਚੀਫ ਜਸਟਿਸ (ਰਿ.) ਹਰਬੰਸ ਸਿੰਘ ਜੀ ਸਰਬ ਹਿੰਦ ਗੁਰਦੁਆਰਾ ਬਿੱਲ ਦਾ ਖਰੜਾ ਤਿਆਰ ਕਰ ਰਹੇ ਸਨ ਪਰ ਇਸ ਦੌਰਾਨ ਆਪਣੇ ਆਪ ਹੀ ਬਿਨਾ ਕਿਸੇ ਅਧਿਕਾਰ ਅਤੇ ਮੰਗ ਦੇ ਆਪ ਜੀ ਨੇ ਮੌਜੂਦਾ ਗੁਰਦੁਆਰਾ ਐਕਟ ਵਿਚ ਇਕ ਨੋਟੀਫਿਕੇਸ਼ਨ ਰਾਹੀਂ ਤਰਮੀਮਾਂ ਕਰਨ ਦਾ ਖਰੜਾ ਸਿੱਧਾ ਹੀ ਕੇਂਦਰ ਸਰਕਾਰ ਨੂੰ ਨੋਟੀਫਿਕੇਸ਼ਨ ਜਾਰੀ ਕਰਨ ਲਈ ਭੇਜ ਦਿੱਤਾ।

ਦਰਅਸਲ ਚੀਫ ਜਸਟਿਸ ਸਾਹਿਬ ਨੇ ਇਕ ਤਾਂ ਮੌਜੂਦਾ ਸਿੱਖ ਗੁਰਦੁਆਰਾ ਐਕਟ, 1925 ਵਿਚ ਤਰਮੀਮਾਂ ਦਾ ਖਰੜਾ ਭੇਜਿਆ ਹੈ ਅਤੇ ਨਾਲ ਹੀ ਇਕ ਹੋਰ ਖਰੜਾ ਆਲ ਇੰਡੀਆ ਗੁਰਦੁਆਰਾ ਬਿਲ, 1999 ਦਾ ਵੀ ਭੇਜਿਆ ਹੈ। ਇਸ ਨਾਲ ਐਸਾ ਰੌਲ ਘਚੋਲਾ ਜਿਹਾ ਪੈ ਗਿਆ ਹੈ ਕਿ ਇਸ ਬਾਰੇ ਆਪਣੀਂ ਰਾਇ ਦੇਣ ਵਾਲੇ ਇਹ ਸਪਸ਼ਟ ਨਹੀਂ ਕਰ ਪਾ ਰਹੇ ਕਿ ਉਹ ਮੌਜੂਦਾ ਐਕਟ ਵਿਚ ਤਰਮੀਮਾਂ ਬਾਰੇ ਗੱਲ ਕਰ ਰਹੇ ਹਨ। ਜਾਂ ਫਿਰ ਨਵੇਂ ਬਣਨ ਵਾਲੇ ਬਿਲ ਬਾਰੇ। ਇਸ ਨੇ ਸਾਰੀ ਸਥਿਤੀ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੱਤਾ ਹੈ। ਸੋ ਪਹਿਲਾਂ ਗੱਲ ਮੌਜੂਦਾ ਐਕਟ ਵਿਚ ਤਰਮੀਮ ਦੀ :-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀਆਂ ਅਥਾਹ ਕੁਰਬਾਨੀਆਂ ਸਦਕਾ ਹੋਂਦ ਵਿਚ ਆਈ



www.AKJ.Org

ਅਤੇ ਉਹਨਾਂ ਮਹਾਨ ਯੋਧਿਆਂ ਦੀ ਯਾਦ ਹਰ ਸਿੱਖ ਨਿਤਾਪ੍ਰਤਿ ਆਪਣੀ ਅਰਦਾਸ ਵਿਚ ਕਰਦਿਆਂ ਉਹਨਾਂ ਦੇ ਨਾਮ ਦਾ ਜੈਕਾਰਾ ਗਜਾਉਂਦਾ ਹੈ। ਇਹਨਾਂ ਘਾਲਣਾ ਸਦਕਾ 1925 ਵਿੱਚ 'ਸਿੱਖ ਗੁਰਦੁਆਰਾ ਐਕਟ' ਹੋਂਦ ਵਿਚ ਆਇਆ। ਇਸ ਐਕਟ ਦੇ ਅਰੰਭ ਵਿਚ ਹੀ ਲਿਖਿਆ ਗਿਆ ਕਿ ਗੁਰਦੁਆਰਿਆਂ ਵਿਚ ਸਰਕਾਰੀ ਦਖਲ ਅੰਦਾਜ਼ੀ ਮੂਲੋਂ ਹੀ ਸਮਾਪਤ ਕਰਨ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਦੀ ਸਾਰੀ ਜ਼ਿੰਮੇਵਾਰੀ ਕੇਵਲ ਸਿੱਖਾਂ ਨੂੰ ਸੌਂਪਣ ਦੇ ਉਦੇਸ਼ ਨਾਲ ਹੀ ਇਹ ਐਕਟ ਹੋਂਦ ਵਿਚ ਆਇਆ। ਇਸ ਐਕਟ ਨੇ ਅੰਗਰੇਜ਼ ਸਰਕਾਰ ਨੂੰ ਪੂਰੀ ਤਰਾਂ ਝੁਕਣ ਲਈ ਮਜਬੂਰ ਕਰ ਦਿੱਤਾ। ਇਸ ਤਰਾਂ ਇਹ ਐਕਟ ਸਿੱਖ ਕੌਮ ਦੇ ਗੌਰਵ ਅਤੇ ਮਾਣ ਸਨਮਾਨ ਦਾ ਪ੍ਰਤੀਕ ਹੋ ਨਿਬੜਿਆ। ਇਸ ਜਦੋਜਹਿਦ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਵੀ ਜੇਲ ਗਏ। ਅਤੇ ਪੰਥ ਦੀ ਇਸ ਮਹਾਨ ਪ੍ਰਾਪਤੀ ਤੇ ਮਹਾਤਮਾ ਗਾਂਧੀ ਨੇ ਵੀ ਬਾਬਾ ਖੜਕ ਸਿੰਘ ਜੀ ਨੂੰ ਵਧਾਈ ਦੀ ਤਾਰ ਭੇਜੀ :

ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਲੜਾਈ ਜਿੱਤੀ ਗਈ। ਵਧਾਈਆਂ ਹੋਣ । (ਐਮ. ਕੇ. ਗਾਂਧੀ)

ਇਸ ਐਕਟ ਦੇ ਬਣਨ ਤੋਂ ਬਾਅਦ ਅੰਗਰੇਜ਼ਾਂ ਨੇ ਆਪਣੀ ਪਾਲਿਸੀ ਦੇ ਤੌਰ ਤੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਕੋਈ ਦਖਲ ਅੰਦਾਜ਼ੀ ਨਾ ਦਿੱਤੀ। ਇਸ ਤੋਂ ਪ੍ਰਭਾਵਤ ਹੋਕੇ ਜਾਂ ਫਿਰ ਇਕ ਸੋਚੀ ਸਮਝੀ ਪਾਲਿਸੀ ਦੇ ਤਹਿਤ ਪੰਡਿਤ ਜਵਾਹਰ ਲਾਲ ਨਹਿਰੂ ਨੇ ਬਿਆਨ ਦਿੱਤਾ ਕਿ ਆਜ਼ਾਦ ਹਿੰਦੁਸਤਾਨ ਵਿਚ ਘਟਗਿਣਤੀਆਂ ਆਪਣੇ ਮਾਮਲਿਆਂ ਬਾਰੇ ਫੈਸਲਾ ਖੁਦ ਕਰਨਗੀਆਂ ਅਤੇ ਸਰਕਾਰ ਜਾਂ ਬਹੁਗਿਣਤੀ ਇਸ ਵਿਚ ਬਿਲਕੁਲ ਹੀ ਦਖਲ ਅੰਦਾਜ਼ੀ ਨਹੀਂ ਕਰੇਗੀ। ਇਤਨਾ ਹੀ ਨਹੀਂ ਬਲਕਿ ਪੰਡਿਤ ਜੀ ਨੇ 15 ਦਸੰਬਰ 1939 ਨੂੰ ਬੰਬਈ ਵਿਚ ਪ੍ਰੈਸ ਕਾਨਫਰੰਸ ਵਿਚ ਅਤੇ ਫਿਰ ੨ ਮਈ, 1940 ਨੂੰ ਸਪਸ਼ਟ ਤੌਰ ਤੇ ਕਿਹਾ ਕਿ ਜੇਕਰ ਕਦੇ ਕੋਈ ਐਸਾ ਮਸਲਾ ਆਇਆ ਜਿਸ ਦਾ ਫੈਸਲਾ ਘਟ ਗਿਣਤੀ ਦੀ ਤਸੱਲੀ ਮੁਤਾਬਿਕ ਨਹੀਂ ਹੋ ਰਿਹਾ ਤਾਂ ਇਸ ਹਾਲਤ ਵਿਚ ਅਸੀਂ ਇਸ ਮਸਲੇ ਨੂੰ ਯੂ. ਐਨ. ਓ ਜਾਂ ਇੰਟਰਨੈਸ਼ਨਲ ਕੋਰਟ ਆਫ ਜਸਟਿਸ, ਦੀ ਹੇਗ ਵਿਚ ਵੀ ਲਿਜਾਣ ਲਈ ਤਿਆਰ ਹੋਵਾਂਗੇ।

ਹਾਲਾਂਕਿ ਦੇਸ਼ ਦੀ ਆਜ਼ਾਦੀ ਦੇ ਬਾਅਦ ਸੰਵਿਧਾਨ ਦੀ ਧਾਰਾ ੨੬ ਵਿਚ ਸਪਸ਼ਟ ਅੰਕਤ ਹੈ ਕਿ ਘਟਗਿਣਤੀਆਂ ਆਪਣੇ ਧਾਰਮਿਕ ਅਕੀਦੇ ਅਤੇ ਅਦਾਰੇ ਆਪ ਬਣਾ ਅਤੇ ਉਹਨਾਂ ਦਾ ਪ੍ਰਬੰਧ ਕਰਨ ਲਈ ਪੂਰਨ ਤੌਰ ਤੇ ਸੁਤੰਤਰ ਹੋਣਗੇ ਪਰ 1947 ਤੋਂ ਇਕ ਦਮ ਬਾਅਦ ਕੇਂਦਰ ਸਰਕਾਰ ਨੇ ਹਰ ਹੀਲੇ ਗੁਰਦੁਆਰਿਆਂ ਤੇ ਸਰਕਾਰੀ ਕਬਜ਼ਾ ਕਰਨ ਅਤੇ ਕਰਵਾਣ ਵਿਚ ਕੋਈ ਕਸਰ ਨਾ ਛੱਡੀ। ਕਦੀ 'ਸਾਧ ਸੰਗਤ ਬੋਰਡ' ਬਣਾ ਕੇ, ਕਦੇ ਅਕਾਲੀ ਦਲ ਵਿਚੋਂ ਵਿਕਾਊ ਲੀਡਰ ਖਰੀਦ ਕੇ, ਕਦੇ ਪੈਪਸੂ ਦੇ ਗੁਰਦੁਆਰੇ ਸ਼੍ਰੋਮਣੀ ਕਮੇਟੀ ਵਿਚ ਸ਼ਾਮਲ ਕਰ ਕੇ, ਕਦੇ ਪੰਜਾਬ ਤੋਂ ਗੁੰਡੇ ਭਿਜਵਾਕੇ ਸੀਸ ਗੰਜ ਸਾਹਿਬ ਦਿੱਲੀ ਤੇ ਹਮਲਾ ਕਰਵਾਕੇ, ਕਦੇ ਜਾਪਾਨੀ ਅਕਾਲੀ ਦਲ ਬਣਾ ਕੇ, ਕਦੇ ਸ੍ਰੀ ਅਕਾਲ ਤਖਤ ਸਾਹਿਬ ਤੇ ਗੋਲੀ ਚਲਵਾਕੇ, ਕਦੇ ਅਕਾਲੀ ਦਲ ਨੂੰ ਦੋਫਾੜ ਕਰਕੇ, ਅਕਾਲੀ ਲੀਡਰਾਂ ਨੂੰ ਗਵਰਨਰ, ਕੇਂਦਰ ਵਿਚ ਵਜ਼ੀਰ ਸੂਬੇ ਦਾ ਮੁੱਖ ਮੰਤਰੀ ਅੰਬੇਸਡਰ, ਸਰਕਾਰੀ ਸੰਤ ਦਾ ਖਿਤਾਬ ਦਵਾਕੇ ਜਾਂ ਫਿਰ ਹੋਰ ਬਖਸ਼ਿਸ਼ਾਂ ਨਾਲ ਨਿਵਾਜ ਕੇ ਸਮੇਂ ਸਮੇਂ ਸਿਰ ਗੁਰਦੁਆਰਿਆਂ ਤੇ ਕਬਜ਼ੇ ਕਰਦੇ ਰਹੇ।

ਇਹਨਾਂ ਹਾਲਾਤ ਕਰਕੇ 12 ਅਪ੍ਰੈਲ, 1959 ਨੂੰ ਇਤਿਹਾਸਕ ਨਹਿਰੂ ਤਾਰਾ ਸਿੰਘ ਪੈਕਟ ਅਮਲ ਵਿਚ ਆਇਆ ਜਿਸ ਰਾਹੀਂ ਸਰਕਾਰ ਨੇ ਪ੍ਰਵਾਨ ਕੀਤਾ ਕਿ ਗੁਰਦੁਆਰਾ ਐਕਟ ਵਿਚ ਕੋਈ ਵੀ ਤਰਮੀਮ ਸ਼੍ਰੋਮਣੀ ਕਮੇਟੀ ਦੇ ਕੁਲ ਮੈਂਬਰਾਂ ਦੀ ਦੋ ਤਿਹਾਈ ਗਿਣਤੀ ਵਲੋਂ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੀ ਪ੍ਰਵਾਨਗੀ ਨਾਲ ਹੀ ਹੋਵੇਗੀ। ਇਸ ਪੈਕਟ ਦੀ ਮਦ (3) ਵਿਚ ਇਸ ਤਰਾਂ ਅੰਕਤ ਹੈ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਕਮੇਟੀ ਤੋਂ ਮਨਜ਼ੂਰੀ ਲੈਣ ਪਿਛੋਂ ਹੀ ਗੁਰਦਵਾਰਾ ਐਕਟ ਵਿਚ ਅਗੋਂ ਕੋਈ ਤਰਮੀਮ ਹੋਵੇ ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਦੋ ਤਿਹਾਈ ਮੈਂਬਰਾਂ ਦੀ ਸੰਮਤੀ ਲੈ ਕੇ ਹੀ ਕੋਈ ਤਰਮੀਮ ਹੋਇਆ ਕਰੇ, ਅਤੇ ਇਸ ਬਗੈਰ ਕੋਈ ਤਰਮੀਮ ਨਾ ਹੋਵੇ।

ਸੰਵਿਧਾਨ ਦੀ ਧਾਰਾ 371 ਏ ਵਿਚ ਲਿਖਿਆ ਹੈ ਕਿ ਭਾਰਤ ਦੇ ਸੰਵਿਧਾਨ ਵਿਚ ਭਾਵੇਂ ਜੋ ਮਰਜ਼ੀ ਲਿਖਿਆ ਹੋਵੇ, ਨਾਗਿਆਂ ਦੇ ਧਾਰਮਿਕ, ਸਮਾਜਕ, ਪਰੰਪਰਾਵਾਂ, ਜ਼ਮੀਨ ਦੀ ਮਲਕੀਅਤ ਬਾਰੇ ਪਾਰਲੀਮੈਂਟਵਲੋਂ



www.AKJ.Org

ਪਾਸ ਕੀਤਾ ਗਿਆ ਕੋਈ ਵੀ ਕਾਨੂੰਨ ਇਹਨਾਂ ਤੇ ਲਾਗੂ ਨਹੀਂ ਹੋਵੇਗਾ ਜਦ ਤਕ ਕਿ ਨਾਗਾਲੈਂਡ ਦੀ ਆਪਣੀ ਵਿਧਾਨ ਸਭਾ ਇਸ ਦੀ ਪ੍ਰਵਾਨਗੀ ਨਹੀਂ ਦਿੰਦੀ। ਇਸੇ ਤਰਾਂ ਦੀਆਂ ਮੱਦਾਂ ਸੰਵਿਧਾਨ ਦੇ ਅਧਿਆਇ ੨੦ ਵਿਚ ਕਈ ਹੋਰ ਸੂਬਿਆਂ, ਘਟਗਿਣਤੀਆਂ ਅਤੇ ਕੌਮਾਂ ਬਾਰੇ ਵੀ ਅੰਕਤ ਹਨ।

ਸੋ ਨਹਿਰੂ-ਤਾਰਾ ਸਿੰਘ ਪੈਕਟ ਦਰਅਸਲ ਭਾਰਤ ਦੇ ਸੰਵਿਧਾਨ ਦੀ ਧਾਰਾ ੨੬ ਦੀ ਹੀ ਵਿਆਖਿਆ ਕਰਦਾ ਹੈ ਜਿਸ ਅਨੁਸਾਰ ਕਿਸੇ ਵੀ ਧਰਮ ਜਾਂ ਇਸਦੇ ਮੰਨਣ ਵਾਲਿਆਂ ਨੂੰ ਆਪਣੇ ਧਰਮ ਅਤੇ ਧਾਰਮਿਕ ਸਥਾਨ ਅਤੇ ਅਦਾਰੇ ਸਥਾਪਤ ਕਰਨ ਅਤੇ ਚਲਾਣ ਦਾ ਪੂਰਾ ਪੂਰਾ ਹੱਕ ਹਾਸਲ ਹੋਏਗਾ। ਇਸ ਮੁਤਾਬਕ ਵੀ ਗੁਰਦੁਆਰਾ ਐਕਟ ਵਿਚ ਕਿਸੇ ਤਰਮੀਮ, ਤਬਦੀਲੀ ਜਾਂ ਸੋਧ ਬਾਰੇ ਨਿਰਣਾ ਲੈਣ ਦਾ ਹੱਕ ਅਤੇ ਫਰਜ਼ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਹੈ।

ਪਰ ਇਸਦੇ ਬਾਵਜੂਦ ਚੀਫ ਜਸਟਿਸ ਹਰਬੰਸ ਸਿੰਘ ਜੀ ਨੇ ਬਿਨਾ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਲਿਆਂ ਅਤੇ ਬਿਨਾਂ ਉਹਨਾਂ ਨੂੰ ਖਰੜੇ ਦੀ ਕਾਪੀ ਭੇਜਿਆ ਨਹਿਰੂ ਤਾਰਾ ਸਿੰਘ ਪੈਕਟ ਦੀ ਉਲੰਘਣਾ ਕਰਦਿਆਂ ਖਰੜਾ ਨੋਨਿਫਿਕੇਸ਼ਨ ਗੁਰਦੁਆਰਾ ਐਕਟ ਵਿਚ ਤਰਮੀਮ ਕਰਨ ਲਈ ਸਰਕਾਰ ਨੂੰ ਭੇਜ ਦਿੱਤਾ ਹਾਲਾਂ ਕਿ ਸਿੱਖ ਗੁਰਦੁਆਰਾ ਐਕਟ ਇਕ ਪਾਰਲੀਮੈਂਟ ਦਾ ਐਕਟ ਹੈ ਅਤੇ ਕਿਸੇ ਐਕਟ ਦੀ ਤਰਮੀਮ ਕੇਵਲ ਪਾਰਲੀਮੈਂਟ ਦੇ ਐਕਟ ਨਾਲ ਹੀ ਹੋ ਸਕਦੀ ਹੈ ਨਾ ਕਿ ਸਰਕਾਰੀ ਆਦੇਸ਼ ਜਾਂ ਨੋਟਿਫਿਕੇਸ਼ਨ ਨਾਲ ।

ਨਵੀਂ ਧਾਰਾ 144 -ਬੀ,

ਇਸ ਬਾਰੇ ਪਿਛੋਕੜ ਵਿਚ ਚੀਫ ਜਸਟਿਸ ਸਾਹਿਬ ਐਕਟ ਨੇ ਮੌਜੂਦਾ ਐਕਟ ਵਿਚ ਇਕ ਨਵੀਂ ਧਾਰਾ 144-ਬੀ ਜੋੜਨ ਦੀ ਗੱਲ ਕੀਤੀ ਹੈ ਅਤੇ ਆਪਣੇ ਨੋਟ ਅਤੇ ਸ਼੍ਰੋਮਣੀ ਕਮੇਟੀ ਨੂੰ ਭੇਜੇ ਖਤ ਵਿਚ ਕਿਹਾ ਹੈ ਕਿ ਇਹ ਧਾਰਾ ਹਿੰਦ ਸਰਕਾਰ ਵਲੋਂ ਮਾਸਟਰ ਤਾਰਾ ਸਿੰਘ ਨੂੰ ਦਿੱਤੇ ਭਰੋਸੇ ਨੂੰ ਕਾਨੂੰਨੀ ਮਾਨਤਾ ਦਿਵਾਉਣ ਲਈ ਲਿਆਂਦੀ ਜਾ ਰਹੀ ਹੈ ਅਤੇ ਇਸ ਮੁਤਾਬਕ ਅੱਗੇ ਤੋਂ ਐਕਟ ਵਿਚ ਕੋਈ ਵੀ ਤਰਮੀਮ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਹੋਵੇਗੀ। ਪਰ ਹੈਰਾਨੀ ਹੈ ਕਿ ਆਪਣੇ ਹੀ ਕਥਨ ਦੇ ਬਿਲਕੁਲ ਉਲਟ ਆਪ ਨੇ ਖਰੜਾ ਨੋਟੀਫਿਕੇਸ਼ਨ ਵਿਚ 'ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ' ਦੀ ਥਾਂ ਲਫਜ਼ 'ਸ਼੍ਰੋਮਣੀ ਕਮੇਟੀ ਨਾਲ ਸਲਾਹ' ਪਾ ਦਿੱਤੇ ਹਨ। ਇਸ ਤਰਾਂ ਸੰਵਿਧਾਨ ਵਿਚ ਅੰਕਿਤ ਧਾਰਾ ੨੬ ਅਤੇ ਨਹਿਰੂ-ਤਾਰਾ ਸਿੰਘ ਪੈਕਟ ਦੇ ਰੂਪ ਵਿਚ ਸਰਕਾਰ ਵਲੋਂ ਦਿੱਤੇ ਵਚਨ ਨੂੰ ਬਿਲਕੁਲ ਨਿਰਾਰਥਕ ਕਰ ਕੇ ਰੱਖ ਦਿੱਤਾ ਗਿਆ ਹੈ

ਕਾਫੀ ਚਿਰ ਤੋਂ ਕੌਮ ਦੀ ਮੰਗ ਸੀ ਕਿ ਸਹਿਜਧਾਰੀ ਦੇ ਨਾਮ ਥੱਲੇ ਗੈਰ ਸਿੱਖ ਅਤੇ ਸਿੱਖ ਵਿਰੋਧੀ ਵੀ ਵੋਟਰ ਬਣਕੇ ਗੁਰਦੁਆਰਾ ਪ੍ਰਬੰਧ ਦੇ ਅਮਲ ਵਿਚ ਵਿਘਨ ਪਾਉਂਦੇ ਹਨ। ਸੋ ਗੁਰਦੁਆਰਿਆਂ ਦੇ ਵੋਟਰ ਸਹਿਜਧਾਰੀ ਨਹੀਂ ਹੋਣੇ ਚਾਹੀਦੇ। ਚੀਫ ਜਸਟਿਸ ਹਰਬੰਸ ਸਿੰਘ ਜੀ ਨੇ ਖਰੜੇ ਵਿਚ ਸਹਿਜਧਾਰੀ ਨੂੰ ਤਾਂ ਕੱਢ ਦਿੱਤਾ ਪਰ ਇਸਦੀ ਬਜਾਏ ਸ਼ਰਾਬੀਆਂ ਨੂੰ ਵੋਟ ਦੇਣ ਦੀ, ਅਤੇ ਮੈਂਬਰ ਬਣਨ ਲਈ ਪਤਿਤ ਤੇ ਲੱਗੀ ਪਾਬੰਦੀ ਦੀ ਸ਼ਰਤ ਸਮਾਪਤ ਕਰ ਦਿੱਤੀ। ਇਸ ਦੇ ਨਾਲ ਹੀ ਸਿੱਖ ਦੀ ਪਰਿਭਾਸ਼ਾ ਐਸੀ ਬਣਾ ਦਿੱਤੀ ਕਿ ਸਹਿਜਧਾਰੀ ਤਾਂ ਕੀ ਹਰ ਗੈਰ ਜਾਂ ਸਿੱਖ ਵਿਰੋਧੀ ਵੀ ਗੁਰਦੁਆਰਾ ਚੋਣਾਂ ਵਿਚ ਵੋਟਰ ਬਣ ਸਕਦਾ ਹੈ। ਇਹ ਅਤੇ ਹੋਰ ਤਜਵੀਜ਼ਾਂ ਬਾਰੇ ਸੰਖੇਪ ਵਿਚ ਜਾਣਕਾਰੀ ਹਾਸਲ ਕਰਨਾ ਲਾਹੇ ਵੰਦ ਹੋਵੇਗਾ।

ਸਿੱਖ ਦੀ ਪਰਿਭਾਸ਼ਾ

ਚੀਫ ਜਸਟਿਸ ਹਰਬੰਸ ਸਿੰਘ ਜੀ ਨੇ ਮੌਜੂਦਾ ਗੁਰਦੁਆਰਾ ਐਕਟ ਵਿਚ ਦਿੱਤੀ ਸਿੱਖ ਦੀ ਪਰਿਭਾਸ਼ਾ ਹੀ ਬਦਲ ਕੇ ਰੱਖ ਦਿੱਤੀ ਹੈ। ਆਪ ਜੀ ਦਾ ਕਹਿਣਾ ਹੈ ਕਿ ਦਿੱਲੀ ਗੁਰਦੁਆਰਾ ਐਕਟ, 1971 ਦੀ ਪਰਿਭਾਸ਼ਾ ਤੇ ਸਿੱਖਾਂ ਦੀ ਆਮ ਸਹਿਮਤੀ ਸੀ ਸੋ ਮੈਂ ਉਹ ਪਰਿਭਾਸ਼ਾ 'ਨਿਗੂਣੀ ਜਿਹੀ' ਤਬਦੀਲੀ ਨਾਲ ਦੇ ਰਿਹਾ ਹਾਂ।

ਮੌਜੂਦਾ ਗੁਰਦੁਆਰਾ ਐਕਟ ਵਿਚ ਵੋਟਰ ਨੂੰ ਐਲਾਨ ਕਰਨਾ ਪੈਂਦਾ ਹੈ ਕਿ 'ਮੈਂ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ।' ਇਸ ਦੇ ਨਾਲ ਹੀ ਦਿੱਲੀ ਐਕਟ ਦੀ ਪਰਿਭਾਸ਼ਾ ਵਿਚ ਲਿਖਿਆ ਹੈ ਕਿ ਸਿੱਖ ਉਹ ਹੈ 'ਜੋ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ ਅਤੇ ਜਿਸਦਾ ਹੋਰ ਕੋਈ ਧਰਮ ਨਹੀਂ ਹੈ।'

ਇਸੇ ਪਰਿਭਾਸ਼ਾ ਨੂੰ ਹੋਰ ਸਪਸ਼ਟ ਕਰਦਿਆਂ ਸਿਖ ਰਹਿਤ ਮਰਯਾਦਾ ਦੇ ਅੰਕ ੨ ਗੁਰਮਤਿ ਦੀ ਰਹਿਣੀ ਸਿਰਲੇਖ ਹੇਠ ਅੰਕਤ ਹੈ,


www.AKJ.Org

(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀਂ ਕਰਨੀ।

**(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ** ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ੲ) ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ ਪਰ, ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।

ਸੋ ਮੌਜੂਦਾ ਐਕਟ, ਦਿੱਲੀ ਐਕਟ ਅਤੇ ਸਿੱਖ ਰਹਿਤ ਮਰਯਾਦਾ ਵਿਚ ਦਿੱਤੀ ਸਿੱਖ ਦੀ ਪਰਿਭਾਸ਼ਾ ਵਿਚ 'ਕੇਵਲ ਗੁਰੂ ਗ੍ਰੰਥ ਸਾਹਿਬ' ਨੂੰ ਮੰਨਣ ਅਤੇ 'ਹੋਰ ਕਿਸੇ ਧਰਮ ਨੂੰ ਨਾ ਮੰਨਣ' ਵਾਲੇ ਨੂੰ ਹੀ ਸਿੱਖ ਤਸਲੀਮ ਕੀਤਾ ਗਿਆ ਹੈ। ਭਾਈ ਮੰਞ ਨੂੰ ਜਦੋਂ ਉਹ ਹਾਲੇ ਸਰਵਰੀਆ ਸੀ ਅਤੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕੋਲ ਸਿੱਖੀ ਦੀ ਦਾਤ ਦੀ ਮੰਗ ਕੀਤੀ ਸੀ ਤਾਂ ਸਾਹਿਬਾਂ ਨੇ ਬਚਨ ਕੀਤੇ ਸੀ, 'ਸਿੱਖੀ ਤੇ ਸਿੱਖੀ ਨਹੀਂ ਟਿਕਦੀ'। ਸਿੱਖ ਕੇਵਲ ਇਕ ਦਾ ਹੋ ਸਕਦਾ ਹੈ ਦੋ ਜਾਂ ਵੱਧ ਦਾ ਨਹੀਂ। ਇਸੇ ਲਈ ਤਾਂ ਸਿੱਖ ਦੀ ਨਿਤਾਪ੍ਰਤਿ ਦੀ ਅਰਦਾਸ ਹੈ, 'ਸਗਲ ਦੁਆਰ ਕਉ ਛਾਡਿ ਕੇ ਗਹਿਓ ਤੁਹਾਰੋ ਦੁਆਰ॥....... ਅਤੇ 'ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ॥...........'।

ਸਿੱਖ ਦੀ ਮੌਜੂਦਾ ਪਰਿਭਾਸ਼ਾ ਵਿਚ ਕੋਈ ਕਮੀ ਨਹੀਂ ਸੀ ਅਤੇ ਨਾ ਹੀ ਕਿਸੇ ਹੋਰ ਤਬਦੀਲੀ ਦੀ ਲੋੜ ਸੀ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਖਰੜੇ ਵਿਚ ਨਾਂ ਤਾਂ ਸਿੱਖ ਰਹਿਤ ਮਰਯਾਦਾ ਦੀ ਪਰਿਭਾਸ਼ਾ ਹੀ ਦਿੱਤੀ ਗਈ ਹੈ ਨਾ ਹੀ ਦਿੱਲੀ ਐਕਟ ਦੀ ਪਰਿਭਾਸ਼ਾ ਜਿਸਨੂੰ ਕਿ ਖੁਦ ਜੱਜ ਸਾਹਿਬ ਨੇ ਇਕ ਸਰਬ ਪ੍ਰਵਾਨਤ ਅਤੇ ਉੱਤਮ ਪਰਿਭਾਸ਼ਾ ਮੰਨਿਆ ਹੈ। ਫਿਰ 'ਮਾਮੂਲੀ ਜਿਹੀ ਤਬਦੀਲੀ' ਦੇ ਨਾਮ ਥੱਲੇ ਚੀਫ ਜਸਟਿਸ ਹਰਬੰਸ ਸਿੰਘ ਜੀ ਨੇ ਸਿੱਖ ਦੀ ਪਰਿਭਾਸ਼ਾ ਵਿਚ 'ਕੇਵਲ ਗੁਰੂ ਗ੍ਰੰਥ ਸਾਹਿਬ' ਨੂੰ ਮੰਨਣ ਵਿਚੋਂ 'ਕੇਵਲ' ਸ਼ਬਦ ਅਤੇ 'ਹੋਰ ਕਿਸੇ ਧਰਮ ਨੂੰ ਨਾ ਮੰਨਣ' ਦੀ ਸ਼ਰਤ ਹੀ ਉਡਾ ਦਿੱਤੀ ਹੈ। 'ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ' ਅਤੇ 'ਕੇਵਲ ਗੁਰੂ ਗ੍ਰੰਥ ਸਾਹਿਬ' ਨੂੰ ਮੰਨਣ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਇਸਨੂੰ ਜੱਜ ਸਾਹਿਬ ਬਖੂਬੀ ਸਮਝਦੇ ਹਨ। ਇਸ ਵਿਚ ਛੇੜਛਾੜ ਦੀ ਲੋੜ ਕੀ ਸੀ। ਇਸ ਮੁਤਾਬਕ ਤਾਂ ਹਰ ਵਿਅਕਤੀ ਵੋਟਰ ਬਣਨ ਦੇ ਕਾਬਲ ਹੋ ਜਾਏਗਾ। ਗੁਰਦੁਆਰਿਆਂ ਦਾ ਪ੍ਰਬੰਧ ਖਾਲਸਾ ਜੀ ਦੇ ਹੱਥੋਂ ਖੋਹਣ ਲਈ ਇਹ ਇਕ ਮੁੱਢਲੀ ਅਤੇ ਖਤਰਨਾਕ ਵਿੱਧ ਸਾਬਤ ਹੋ ਸਕਦੀ ਹੈ। ਸਿੱਖ ਦੀ ਪਰਿਭਾਸ਼ਾ ਇਕ ਹੋਣੀ ਚਾਹੀਦੀ ਹੈ ਜੋ ਜਾਂ ਤਾਂ ਦਿੱਲੀ ਐਕਟ ਦੀ ਹੂ-ਬਹੂ ਹੋਣੀ ਚਾਹੀਦੀ ਹੈ ਜਾਂ ਫਿਰ ਸਿੱਖ ਰਹਿਤ ਮਰਯਾਦਾ ਵਾਲੀ। ਇਸ ਵਿਚ 'ਮਾਮੂਲੀ ਜਿਹੀ ਤਬਦੀਲੀ' ਦੀ ਲੋੜ ਨਹੀਂ। ਇਤਨੀ ਵੱਡੀ ਤਬਦੀਲੀ ਦੀ ਲੋੜ ਕੀ ਪਈ ਇਹ ਦੱਸਣ ਦੀ ਆਪ ਜੀ ਨੂੰ ਜ਼ਰੂਰਤ ਨਹੀਂ ਸਮਝੀ।

ਜੱਜ ਸਾਹਿਬ ਇੱਥੇ ਹੀ ਨਹੀਂ ਰੁਕੇ ਬਲਕਿ ਦਿੱਲੀ ਐਕਟ ਵਿਚ ਸਿੱਖ ਦੀ ਪਰਿਭਾਸ਼ਾ ਵਿਚ ਸਿੱਖ ਹੋਣ ਲਈ ਸ਼ਰਤ ਅੰਕਤ ਸੀ 'ਜੋ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਸਿਖਿਆ ਤੇ ਅਮਲ ਕਰਦਾ ਹੈ ਤੇ ਵਿਸ਼ਵਾਸ ਕਰਦਾ ਹੈ।' ਦਿੱਲੀ ਦੀ ਪਰਿਭਾਸ਼ਾ ਨੂੰ ਉੱਤਮ ਅਤੇ ਸਰਬ ਪ੍ਰਵਾਨਤ ਦੱਸਣ ਵਾਲੇ ਚੀਫ ਜਸਟਿਸ ਸਾਹਿਬ ਨੇ ਭੇਜੇ ਬਿਲ ਦੇ ਖਰੜੇ ਵਿਚ ਇਸ ਵਿਚੋਂ 'ਅਮਲ ਕਰਦਾ ਹੈ' ਸ਼ਬਦ ਕੱਢ ਦਿੱਤੇ ਹਨ, ਕੇਵਲ 'ਵਿਸ਼ਵਾਸ ਰਖਦਾ ਹੈ' ਰਹਿਣ ਦਿੱਤੇ ਹਨ। ਕੀ ਇਹ ਨਿਰੀ ਅਣਗਹਿਲੀ ਹੈ ਜਾਂ ਸਿੱਖੀ ਦਾ ਦਾਇਰਾ ਅਤੇ ਸਿੱਖਾਂ ਦੀ ਗਿਣਤੀ ਵਧਾਣ ਦਾ ਉਪਰਾਲਾ ?

ਸਿੱਖ ਰਹਿਤ ਮਰਯਾਦਾ ਦੇ ਮੁਤਾਬਕ ਸਿੱਖ ਪੰਥ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਫੈਸਲਾ ਕਰਨ ਦੇ ਅਧਿਕਾਰ ਗੁਰਮਤੇ ਦੇ ਰੂਪ ਵਿੱਚ 'ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ-ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।' ਸੋ ਸਿੱਖ ਕੌਣ ਹੈ ਜਾਂ ਨਹੀਂ ਹੈ ਇਸਦਾ ਨਿਰਣਾ ਕਰਨ ਦਾ ਅਧਿਕਾਰ ਕੇਵਲ ਪੰਥ ਨੂੰ ਹੀ ਹੈ ਨਾ ਕਿ ਕਿਸੇ ਨਿਜੀ ਵਿਅਕਤੀ ਜਾਂ ਸੰਸਥਾ ਨੂੰ। ਪੰਥ ਨੇ ਇਹ ਫੈਸਲਾ ਸਿੱਖ ਮਰਯਾਦਾ ਵਿਚ ਕਰ ਦਿੱਤਾ ਹੈ ਜੋ ਪਿਛਲੇ ਪੰਜਾਹ ਤੋਂ ਵੱਧ ਸਾਲਾਂ ਤੋਂ ਸਿੱਖ ਰਹਿਤ ਮਰਯਾਦਾ ਦੇ ਰੂਪ ਵਿਚ ਮੌਜੂਦ ਹੈ। ਇਸ ਵਿਚ ਕਿਸੇ ਤਬਦੀਲੀ ਦੀ ਨਾ ਤਾਂ ਲੋੜ ਹੈ ਅਤੇ ਨਾ ਹੀ ਹੋਣੀ ਚਾਹੀਦੀ ਹੈ। (ਬਾਕੀ ਅਗਲੇ ਅੰਕ ਵਿਚ)



www.AKJ.Org

# ਸਲੋਕ ਭਗਤ ਕਬੀਰ ਜੀਉ ਕੇ

(Translated By Jaspinder Singh)

ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ॥
ਰਾਮ ਸਨੇਹੀ ਤਉ ਮਿਲੈ ਦੋਨਉ ਬਰਨ ਗਵਾਇ॥੫੬॥

Slok No. 56 : O' Kabir! Turmeric is yellow and lime is white like the high and low castes of mortals yet God realization comes only in self-effacing of. caste of become casteless. -56

ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ॥
ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ ॥੫੭॥

Slok No. 57 : O' Kabir! if turneric was to lose its yellowness and the lime its whiteness by mingling together in love, the common colour, red, is attained, Says Kabir, I am sacrifice unto such mutual love and self-effacement!-57

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥
ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ॥੫੮॥

Slok No. 58 : O' Kabir! The passage to liberation, is very narrow, one-tenth of size of mustard seed. O,mind thou are swollen, to the size ot an elephant, with pride of selfhood. How can thee ever pass and get liberated ? - 58

ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥੫੯॥

Slok No. 59 : O' Kabir! If one was to find the Satguru and out of his mercy receives his grace, then one is saved from all evil of ego. The door to liberation then becomes an easy passage through godliness.-59

ਕਬੀਰ ਨ ਮੁੋਹਿ ਛਾਨਿ ਨ ਛਾਪਰੀ ਨਾ ਮੁੋਹਿ ਘਰੁ ਨਹੀ ਗਾਉ॥
ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ॥੬੦॥

Slok No. 60 : O' Kabir! I have no hutment or any pride of belonging of a house or village. Not only material possessions I have no pride of caste or fame. Devoid of all ego, it is probable that the Lord may throw His glance of Divine mercy on this hapless one. -60

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥੬੧॥

Slok No. 61 : O' Kabir! I am eager to lose all my pride of selfhood and seek refuge of the Door Divine. Could be then, that the Lord out of his Grace may take pity and grant me His blessings.-61

ਕਬੀਰ ਨ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥੬੨॥

Slok No. 62 : O' Kabir! I have no worth nor can I perform on my own? My Godly devotion is all the working of Grace-Divine and yet the fame is attributed to me.-62

ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥
ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ॥੬੩॥

Slok No. 63 : O' Kabir! I someone was to utter Nam-Divine in dream, ilam ready to offer my skin for that person's shoes. This eagemess to serve with my all is for the person who remained occupied with Nam devotion for day long and then forms the thought even in sleep due to intensity of devotion.63



www.AKJ.Org

ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓੁ ਨਾਉ॥
ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ॥੬੪॥

Slok No. 64 : O' Kabir! I am a mere puppet made of earth, named as human being because of particle of Divine spirit bestowed in me by the Lord. The life sojourn is short and yet instead of devoting to the Lord for gift of life, i indulge in more and more greed.-64

ਕਬੀਰ ਮਹਿਦੀ ਕਰਿ ਘਾਲਿਆ ਆਪੁ ਪੀਸਾਇ ਪੀਸਾਇ॥
ਤੈ ਸਹ ਬਾਤ ਨ ਪੂਛੀਐ ਕਬਹੁ ਨ ਲਾਈ ਪਾਇ॥੬੫॥

Slok No. 65 : O' Kabir! One has undergone hard penances like the fine grinding of myrtle, yet O'Lord! Thou have taken no notice nor given thy acceptance like application of myrtle to the feet.-65

ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥
ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥੬੬॥

Slok No. 66 : O' Kabir! Abandon not the refuge of Door-Divine, whereby no evil comes in the way of godliness. Never, never foresake such a Door!-66

ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ॥
ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ॥੬੭॥

Slok No. 67 : O' Kabir! I was drowning in the worldly ocean, but was thrown up by a wave of virtue, obtained at the Door-Divine. When I realized that the ship of human body was full of evil, old, rusty and leaky because of the past misdeeds, i instantly gave up all attachment, to devote solely to Godly devotion. -67

ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ॥
ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥੬੮॥

Slok No. 68 : O' Kabir! A sinning mortal likes not Godly-devotion nor worship of the Creator Lord. He is like the fly that discards sandal wood like fragrance in preferance to foul smell. The person has no love for Divine virtues, but prefers to delve in evil ways. -68

ਕਬੀਰ ਬੈਦੁ ਮੂਆ ਰੋਗੀ ਮੂਆ ਮੂਆ ਸਭੁ ਸੰਸਾਰੁ॥
ਏਕੁ ਕਬੀਰਾ ਨਾ ਮੂਆ ਜਿਹ ਨਾਹੀ ਰੋਵਨਹਾਰੁ ॥੬੯॥

Slok No. 69 : Spiritual death is overtaking both the ignorant and the knowledgeable, who are engrossed in worldliness, yielding to the desires of fickle minds. The fickle minds cry out for satisfaction of their never ending desires. Only kabir has escaped this death, because his spirit of renunciation learnt at the door-divine.-69

ਕਬੀਰ ਰਾਮੁ ਨ ਧਿਆਇਓ ਮੋਟੀ ਲਾਗੀ ਖੋਰਿ॥
ਕਾਇਆ ਹਾਂਡੀ ਕਾਠ ਕੀ ਨਾ ਓਹੁ ਚਰ੍ਹੈ ਬਹੋਰਿ ॥੭੦॥

Slok No. 70 : O' Kabir! thou have not devoted to Nam-meditation. The worldly evil has rendered thee hollow by eating up your vital inner self. Like wooden pot that gets burnt on hearth, wasted human life is nor obtained again.-70

**Synopsis of sloks 41 to 70:**

Human life is bestowed as a rare opportunity to ferry across worldly ocean under the stewardship of Satguru. Godliness at the Door of the Guru is the only escape from worldly evils. One should keep in mind the shortness of life antits purpose and not run after worldly possessions. Surrendering one's all to the Guru, one should get rid of all ego and devote whole heartily to Godly devotion.

(To be Continued)


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਲੜੀ ਜੋੜਨ ਲਈ ਸੂਰਾ ਅਕਤੂਬਰ ੧੧ ਦੇਖੋ

ਸਗਲੇ ਕਰਮ ਧਰਮ ਜੁਗ ਸਾਧਾ॥ ਬਿਨੁ ਹਰਿ ਰਸ ਸੁਖੁ ਤਿਲੁ ਨਹੀ ਲਾਧਾ॥
ਭਈ ਕ੍ਰਿਪਾ ਨਾਨਕ ਸਤਸੰਗੇ ਤਉ ਧਨ ਪਿਰ ਅਨੰਦ ਉਲਾਸਾ ਹੇ॥ ੫॥

(੧੫॥੧॥੨) (ਮਾਰੂ ਸੋਲਹੇ ਮ: ੩, ਪੰਨਾ ੧੦੭੨)

ਭਾਵ– ਹਰੇਕ ਜੁਗ ਦੇ ਸਗਲੇ ਕਰਮ ਧਰਮ ਸੋਧ ਕੇ ਪਰਖ ਪਰਖਾ ਲਏ। ਪਰ ਇਹ ਨਿਸਚੇ ਕਰ ਸਿੱਟਾ ਕੱਢਿ ਲਿਆ ਕਿ ਕਿਸੇ ਭੀ ਕਰਮ ਧਰਮ ਤੋਂ ਇਕ ਤਿਲ ਮਾਤਰ ਭੀ ਸੱਚਾ ਪਰਮਾਰਥੀ ਆਤਮ ਸੁਖ ਨਹੀਂ ਲੱਭਦਾ। ਬਿਨਾਂ ਹਰਿ ਰਸ ਰਤਿਆਂ ਆਤਮ ਸੁਖ, ਸੱਚਾ ਸੁਖ ਕਿਥੇ? ਹਰਿ ਸਿਮਰਨ ਕਰ ਹੀ ਸੱਚਾ ਸੁਖ ਪ੍ਰਾਪਤਿ ਹੁੰਦਾ ਹੈ। ਗੁਰੂ ਨਾਨਕ ਨੇ ਕਿਰਪਾ ਕੀਤੀ ਤਾਂ ਗੁਰੂ ਘਰ ਦਾ ਸਤਿਸੰਗੁ ਲਭਾ ਤਾਂ ਹਰਿ ਸਿਮਰਨ ਤੇ ਸਿਮਰਨ ਰਸ ਪ੍ਰਾਪਤਿ ਹੋਇਆ। ਘਟ ਅੰਦਰੇ ਹੀ ਪ੍ਰਿਅ ਪ੍ਰੀਤਮ ਦਾ ਮਿਲਾਪ ਹੋ ਗਿਆ। ਪਰਮਾਤਮਾ ਪਤੀ ਪ੍ਰੀਤਮ ਨਾਲਿ ਇਕ ਹਿਰਦੇ ਸੇਜ ਤੇ ਲਿਟ ਲਿਟਾਇ ਕੇ ਤੇ ਇਕ ਮਿੱਕ ਹੋ ਕੇ ਹੇਲ ਮੇਲ ਕੇਲ ਕੀਤਿਆਂ ਹੀ ਆਨੰਦ ਉਲਾਸ ਨਸੀਬ ਹੋਇਆ। ਉਸ ਸੁਖ ਦੀ ਗਹਿਣ-ਗਤਿ ਕਥੀ ਹੀ ਨਹੀਂ ਜਾਂਦੀ।

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥੧॥

(੩॥੧) (ਕੇਦਾਰਾ ਭਗਤ ਰਵਿਦਾਸ ਜੀ, ਪੰਨਾ ੧੧੨੪)

ਸ਼ਾਸਤ੍ਰਾਂ ਦੇ ਦਸੇ ਖਟ ਕਰਮ ਕਰਨ ਵਾਲਾ ਹੋਵੇ, ਚੰਗੀ ਖਾਨਦਾਨੀ ਕੁਲ ਵਾਲਾ ਹੋਵੇ, ਪ੍ਰੰਤੂ ਪਰਮਾਤਮਾ ਦੇ ਚਰਨ ਕੰਵਲਾਂ ਦੀ ਕਥਾ ਦਾ ਰਸੀਆ ਨਾ ਹੋਵੇ, ਵਾਹਿਗੁਰੂ ਸਿਮਰਨ ਦੇ ਰਸ ਤੋਂ ਬਿਹੂਣਾ ਹੋਵੇ, ਉਹ ਚੰਡਾਲ ਦੇ ਸਮਾਨ ਹੈ। ਬਿਨ ਸਿਮਰਨ, ਬਿਨ ਹਰਿ ਰਸ ਆਇਆ ਉਚੇ ਤੋਂ ਉਚੇ ਕਰਮ ਕੀਤੇ ਨਿਸਫਲ ਹਨ।

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮ ਗੁਰਮੁਖਿ ਲਹੈ ॥੧॥
ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥
ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥੧॥ ਰਹਾਉ ॥
ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ ॥
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ ॥੨॥
ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥
ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥੩॥
ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥
ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤਿ ਕੈ ਬਾਂਧੈ ਭੇਖੁ ਭਇਆ ॥੪॥
ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਤੂ ਸਰਬ ਜੀਆ ॥
ਗੁਰ ਪਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ ਪੀਆ ॥੫॥

॥੭॥੮॥ ਭੈਰਉ ਮ: ੧, ਪੰਨਾ ੧੧੨੭

ਵਿਆਖਿਆ— ਤੱਤ ਭਾਵ ਇਸ ਗੁਰ ਵਾਕ ਸਮੁੱਚੇ ਦਾ ਇਹ ਹੈ ਕਿ ਸਰਬ ਸ੍ਰੇਸ਼ਟ ਸਰਬੋਤਮ ਵਸਤੂ ਤੱਤ ਪਦਾਰਥ ਗੁਰਮਿਤ ਨਾਮ ਹੀ ਹੈ ਜੋ ਕੇਵਲ ਗੁਰ ਪ੍ਰਸਾਦਿ ਕਰਿ ਹੀ ਮਿਲਦਾ ਹੈ, ਜਿਸ ਤੋਂ ਬਿਨਾਂ ਸਾਰੇ ਕਰਮ ਧਰਮ ਅਨਮਤੀਆਂ ਮਨਮਤੀਆਂ ਦੇ ਸਭਿ ਫ਼ਜ਼ੂਲ ਹਨ, ਨਿਰੀ ਖਲਜਗਣ ਵਾਲੇ ਹੀ ਹਨ। ਭਰਮਾਂ ਵਿਚ ਹੀ ਪਾਉਂਦੇ ਹਨ ਕਰਮ ਧਰਮ ਕਰਨ ਵਾਲੇ ਪ੍ਰਾਣੀ ਨੂੰ। ਨਾ ਹੀ ਏਹਨਾਂ ਕਰਮਾਂ ਦੁਆਰਾ ਪ੍ਰਾਣੀ ਦਾ ਭਰਮ ਦੂਰਿ ਹੁੰਦਾ ਹੈ, ਨਾ ਹੀ ਮੁਕਤੀ ਕਿਸੇ ਨੂੰ ਪ੍ਰਾਪਤਿ ਹੁੰਦੀ ਹੈ। ਗੁਰਮਤਿ ਨਾਮ ਸਿਮਰਨ ਦੁਆਰਾ ਹੀ

ਤੱਤ ਮੁਕਤਿ ਅਤੇ ਤੱਤ ਸ਼ਾਂਤੀ ਪ੍ਰਾਪਤਿ ਹੁੰਦੀ ਹੈ। ਪਾਰਬ੍ਰਹਮ ਪਰਮਾਤਮਾ ਹਰੇਕ ਥਾਨ ਪਰੀਪੂਰਨ ਅਤੇ ਹਾਜ਼ਰ ਨਾਜ਼ਰ ਦਿਸਦਾ ਹੈ। ਨਾਮ ਦੇ ਮੁਕਾਬਲੇ ਤੇ ਹੋਮ ਜੱਗ ਪੂਜਾ ਪਾਠ ਆਨਮਤਿ ਮਤਾਂਤ੍ਰਾਂ ਦੇ ਸਿਖਾ ਸੂਤ ਆਦਿ ਭੇਖ ਕਿਸੇ ਕੰਮ ਦੇ ਨਹੀਂ। ਵਿਸਥਾਰ ਵਿਆਖਿਆ ਇਸ ਗੁਰ ਵਾਕ ਦੀ ਇਹ ਹੈ–

ਬਹੁਤੇ ਜੱਗ ਕੀਤੇ, ਜਗ ਦੇ ਹਵਨ (ਹੋਮ) ਕੀਤੇ, ਜਪ ਤਪ ਪੂਜਾ ਆਦਿ ਆਨਮਤ ਕਰਮ ਕੀਤੇ, ਸਭਿ ਨਿਹਫਲ ਹਨ। ਏਹਨਾਂ ਕਰਮਾਂ ਦੇ ਕੀਤਿਆਂ ਦੇਹੀ ਦੁਖੀ ਹੁੰਦੀ ਹੈ ਤੇ ਨਿਤ ਨਵੇਂ ਦੁਖ ਸਹਿੰਦੀ ਹੈ, ਹੋਰ ਹਾਸਲ ਕੁਛ ਨਹੀਂ ਹੁੰਦਾ। ਅਰਥ ਨਾ ਪਰਮਾਰਥ ਕੁਝ ਭੀ ਸਿੱਧ ਨਹੀ ਹੁੰਦਾ। ਮੁਕਤੀ ਤਾਂ ਕੀ ਕਿਸੇ ਨੂੰ ਮਿਲਣੀ ਸੀ ਏਹਨਾਂ ਕਰਮਾਂ ਦੇ ਕੀਤਿਆ ਕਿਉਂਕਿ ਮੁਕਤੀ ਦਾ ਘਰ ਦੂਰ ਹੈ। ਸਗੋਂ ਦੇਹੀ ਨੂੰ ਰੋਗ ਲਗ ਜਾਂਦੇ ਹਨ। ਵਰਮੀ ਮਾਰੀ ਤੇ ਸਪ ਕਦੇ ਨਹੀਂ ਮਰਦਾ। ਮਨ ਭੀ ਸ਼ੁੱਧ ਤੇ ਸ਼ਾਂਤ ਨਹੀਂ ਹੁੰਦਾ, ਕਿਸੇ ਕਰਮ ਕਾਂਡੀ ਦਾ। ਗੁਰਮਤਿ ਨਾਮ ਦੁਆਰਾ ਰਮਤ ਰਾਮ ਜਪੇ ਬਿਨਾਂ ਮੁਕਤੀ ਕਦੇ ਨਹੀਂ ਮਿਲਦੀ। ਮੁਕਤੀ ਮਿਲਦੀ ਹੈ ਤਾਂ ਗੁਰਮਤਿ ਨਾਮ ਜਪਿਆਂ ਗੁਰਮੁਖ ਜਨਾਂ ਨੂੰ ਹੀ ਮਿਲਦੀ ਹੈ। ਜਿਸ ਨੂੰ ਗੁਰਮਤਿ ਰਮਤ ਰਾਮ ਪ੍ਰਾਪਤਿ ਨਹੀਂ ਹੋਇਆ, ਓਸ ਦਾ ਜਗ ਵਿਚ ਜਨਮਿਆ, ਜੰਮ ਕੇ ਮਾਨੁਖ ਜਨਮ ਧਾਰਿਆ ਐਵੇਂ ਬਿਰਥਾ ਹੀ ਗਇਆ। ਉਸ ਦਾ ਜਗ ਵਿਚ ਜੀਊਣਾ ਪਸ਼ੂ ਤੋਂ ਭੀ ਭੈੜਾ ਹੈ। ਨਾਮ ਅੰਮ੍ਰਿਤ ਨੂੰ ਛੱਡ ਕੇ ਉਹ ਬਿਖ-ਜੀਵਣੀ ਹੀ ਜੀਵੰਦਾ ਹੈ, ਬਿਖ ਹੀ ਖਾਂਦਾ ਹੈ, ਬਿਖਿਆ ਦੇ ਹੀ ਗ੍ਰਾਸ ਲੈਂਦਾ ਹੈ, ਬਿਖ ਦੇ ਹੀ ਘੁਟ ਪੀਂਦਾ ਹੈ, ਬਿਖ ਭਰੇ ਬੋਲ ਹੀ ਬੋਲਦਾ ਹੈ। ਇਉਂ ਅਹਿਨਿਸਿ ਬਿਖ ਬੋਲੀ ਬੋਲਦਿਆਂ ਹੀ ਉਸ ਦੀ ਆਵਰਦਾ ਬਿਹਾਵੰਦੀ ਹੈ ਅਤੇ ਨਾਮ ਤੋਂ ਬਿਨਾਂ ਨਿਹਫਲ ਹੀ ਜਾਂਦੀ ਹੈ। ਬਿਖਿਆ ਮਾਤੇ ਦਾ ਬਿਖਿਆ ਦੇ ਸੰਕਲਪਾਂ ਫੁਰਨਿਆਂ ਵਿਚ ਹੀ ਉਸਦਾ ਅੰਤ (ਮਰਨਾ) ਹੋ ਜਾਂਦਾ ਹੈ, ਅੰਤ ਕਾਲ ਬਿਖਿਆ ਦੇ ਸੰਕਲਪਾਂ ਫੁਰਨਿਆਂ ਨਾਲਿ ਜਾਨ ਜੁ ਨਿਕਲਦੀ ਹੈ। ਇਸ ਕਰਕੇ ਉਹ ਮਰ ਕੇ ਵਿਸ਼ਟਾ ਖਾਣੇ ਕਾਵਾਂ ਕੁੱਤਿਆਂ ਦੀਆਂ ਜੂਨਾਂ ਵਿਚਿ ਭਰਮਦਾ ਹੈ। ਇਹ ਲਖ ਚੁਰਾਸੀ ਜੂਨੀਆਂ ਦਾ ਗੇੜ ਮੁਕਦਾ ਹੀ ਨਹੀਂ। ਭਾਵੇਂ ਸਾਰਾ ਦਿਨ ਵਿਆਕਰਣ ਆਦਿਕ ਆਨਮਤ ਪੁਸਤਕਾਂ ਦਾ ਪਾਸ ਕਰਦਾ ਰਹੇ ਅਤੇ ਤ੍ਰਿਕਾਲਾਂ ਪਈਆਂ ਤੇ ਸੰਧਿਆ ਕਰਮ ਭੀ ਕਰੇ। ਉਸ ਪ੍ਰਾਣੀ ਨੂੰ ਮੁਕਤੀ ਕਿਥੇ? ਏਹਨਾ ਕਰਮਾਂ ਦੇ ਕੀਤਿਆਂ ਮੁਕਤੀ ਕਦੇ ਨਹੀਂ ਮਿਲਦੀ। ਮੁਕਤਿ ਪਦਾਰਥ ਪ੍ਰਾਪਤਿ ਅਭਿਆਸ ਦ੍ਰਿੜ ਹੁੰਦਾ ਹੈ ਗੁਰ-ਸ਼ਬਦ ਗੁਰ-ਦੀਖਿਆ ਤੋਂ, ਜੋ ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰੇ ਪ੍ਰਾਪਤਿ ਹੁੰਦੀ ਹੈ, ਹਰ ਇਕ ਪ੍ਰਮਾਰਥ ਦੇ ਜਗਿਆਸੂ ਨੂੰ। ਨਹੀਂ ਤਾਂ ਨਾਮ ਸਿਮਰਨ ਬਾਝੋਂ ਹੋਰ ਕਰਮਾਂ ਕਾਂਡਾਂ ਦੇ ਕਰਨਹਾਰੇ ਏਹਨਾਂ ਕਰਮਾਂ ਕਾਂਡਾਂ ਦੇ ਜੰਜਾਲ ਝਮੇਲੇ ਵਿਚਿ ਹੀ ਉਲਝਿ ਉਲਝਿ ਕੇ ਮਰ ਜਾਂਦੇ ਹਨ। ਜੋ ਆਨਮਤੀ, ਆਨਮਤ ਕਰਮ ਕਾਂਡੀ ਪੁਰਸ਼ ਸੰਨਿਆਸ ਭੇਖ ਧਾਰਨ ਕਰ ਕੇ, ਹੱਥ ਵਿਚਿ ਡੰਡਾ ਤੇ ਕਮੰਡਲ ਫੜ ਕੇ ਤੇ ਸਿਰ ਤੇ ਸਿਰਫ਼ ਬੋਦੀ ਰਖ ਕੇ (ਹੋਰ ਸਭ ਮੂੰਡ ਮੁੰਡਾਇਕੈ) ਅਤੇ ਗਲ ਵਿਚਿ ਜਨੇਊ ਪਾ ਕੇ ਅਤੇ ਤੇੜ ਧੋਤੀ ਪਾ ਕੇ, ਇਉਂ ਕਰਮ ਕਾਂਡੀ ਬਣ ਕੇ ਅਨੇਕਾਂ ਤੀਰਥਾਂ ਤੇ ਭਉਂਦਾ ਭਰਮਦਾ ਫ਼ਿਰਦਾ ਹੈ, ਉਹ ਐਵੇਂ ਖੱਜਲ ਹੀ ਹੁੰਦਾ ਹੈ। ਉਸ ਦੇ ਮਨ ਨੂੰ ਭੋਰਾ ਭਰ ਭੀ ਸ਼ਾਂਤੀ ਨਹੀਂ ਆਉਂਦੀ। ਸ਼ਾਂਤੀ ਕਿਥੋਂ ਅਤੇ ਕਿਵੇਂ ਆਵੇ ਨਾਮ ਤੋਂ ਬਿਨਾਂ? ਨਾਮ ਉਹ ਜਪਦਾ ਨਹੀਂ। ਜਪੇ ਕਿਕੂਰ, ਗੁਰੂ ਘਰ ਬਿਨਾਂ? ਨਾਮ ਜਪੇ ਤਾਂ ਉਸਦਾ ਪਾਰ-ਉਤਾਰਾ ਹੋਵੇ। ਫੇਰ ਜੋ ਹੋਰ ਭੇਖ ਸੁਆਹ ਲਾ ਕੇ ਲੰਮੀਆਂ ਜਟਾਂ ਬਣਾਉਣ ਤੇ ਵਧਾਉਣ ਦਾ ਉਹ ਸਾਧਨ ਕਰਦਾ ਹੈ, ਲੰਮੀਆਂ ਜਟਾਂਵਾਂ ਦਾ ਲੰਮ-ਚੁੜਾ ਵਾਲਾ ਜੂੜਾ ਸਿਰ ਤੇ ਬੰਨ੍ਹਦਾ ਹੈ ਅਤੇ ਤਨ (ਸਰੀਰ) ਉਤੇ ਮਲ ਕੇ ਭਸਮ ਚੜ੍ਹਾ ਲੈਂਦਾ ਹੈ, ਸਰੀਰ ਦੇ ਸਾਰੇ ਬਸਤ੍ਰ ਉਤਾਰ ਕੇ ਸੁਆਹ ਬਿਭੂਤ ਸਰੀਰ ਦੇ ਰੁਮਾਇ ਕੇ ਤਨੋਂ ਨੰਗਮ ਨੰਗਾ ਸਾਧ ਬਣ ਕੇ ਪਰਪੰਚ ਰਚ ਲੈਂਦਾ ਹੈ ਤੇ ਨਾਂਗਿਆਂ ਵਾਲਾ ਭੇਖ ਬਣਾ ਕੇ ਨਗਨ ਸਾਧਿ ਬਨਿ ਬਹਿੰਦਾ ਹੈ, ਉਹ ਐਵੇਂ ਭਟਕਤਾ ਹੀ ਫਿਰਦਾ ਹੈ। ਉਸ ਦੀ ਭਟਕਣਾ ਮਿਟਦੀ ਨਹੀਂ। ਉਸ ਦੀ ਤ੍ਰਿਸ਼ਨਾ ਮਰਦੀ ਨਹੀਂ। ਉਸ ਨੂੰ ਤ੍ਰਿਪਤੀ ਕਿਤੋਂ ਭੀ ਨਹੀਂ ਆਉਂਦੀ। ਏਹਨਾਂ ਭੇਖਾਂ ਵਿਚਿ ਤ੍ਰਿਪਤੀ ਸ਼ਾਂਤੀ ਨਹੀਂ ਹੈ। ਗੁਰਮਤਿ ਨਾਮ ਅਭਿਆਸ ਕਮਾਈ ਹੀ ਹੈ। ਨਾਮ ਅਭਿਆਸ ਕਮਾਈ ਬਿਨਾਂ, ਗੁਰਮਤਿ ਨਾਮ ਤੇ ਸਿਮਰਨ ਬਿਨਾਂ, ਕਿਸੇ ਭੀ ਕਰਮਕਾਂਡ ਜਾਂ ਭੇਖ ਦੇ ਧਾਰਨ ਕੀਤਿਆਂ ਤ੍ਰਿਪਤੀ ਨਹੀਂ ਆਉਂਦੀ। ਸਗੋਂ ਅਜਿਹੇ ਹੀ ਪਾਖੰਡ ਕਰਮਾਂ ਦੀ ਕਿਰਤ ਕਮਾਈ ਦਾ ਫੇੜਿਆ ਵੇੜਿਆ ਹੋਇਆ ਭੇਖਾਂ ਦੇ ਗੇੜ ਵਿਚ ਹੀ ਪਇਆ


www.AKJ.Org

ਰਹਿੰਦਾ ਹੈ। ਜਲਾਂ ਵਿਚਿ, ਥਲਾਂ ਵਿਚਿ ਅਰਥਾਤ ਪਾਣੀ ਦੇ ਸਾਗਰਾਂ ਵਿਚ ਪਾਣੀ ਦੇ ਜੰਤ ਜਿਤਨੇ ਭੀ ਹਨ ਅਤੇ ਸੁੱਕੀ ਧਰਤੀ (ਥਲ) ਉਤੇ ਰਹਿਣ ਵਾਲੇ ਜਿਤਨੇ ਭੀ ਚਰਾ ਚਰ ਜੀਵ ਹਨ ਅਤੇ ਧਰਤੀ ਤੇ ਆਸਮਾਨ ਵਿਚਕਾਰਲੇ ਪੁੜਾਲ ਮੱਧੇ ਉਡਾਰੀਆਂ ਲਾਉਣ ਵਾਲੇ ਪੰਛੀ ਹਨ ਅਤੇ ਜਿਥੇ ਕਿਥੇ ਭੀ ਹਨ, ਹੇ ਵਾਹਿਗੁਰੂ ਤੂੰ ਏਹਨਾਂ ਸਰਬੱਤ੍ਰ ਜੀਵਾ ਅੰਦਰਿ ਵਰਤ ਰਿਹਾ ਹੈ। ਪਰ ਸਾਰੇ ਜੀਵ ਅਗਿਆਨ ਭਰਮ ਦੇ ਮਾਰੇ ਹੋਏ, ਹੇ ਵਾਹਿਗੁਰੂ ਤੈਨੂੰ ਛਡ ਕੇ ਅਤੇ ਤੇਰੇ ਨਾਮ ਸਿਮਰਨ ਨੂੰ ਛਡ ਕੇ ਹੋਰ ਬਿਖ ਮਾਇਆ ਦੇ ਕਰਮਾਂ ਵਿਚ ਪਰਵਿਰਤ ਹੋ ਰਹੇ ਹਨ। ਹੋਰ ਤਾਂ ਹੋਰ, ਸਰਬ ਜੀਆਂ ਜਾਤਾਂ ਦਾ ਸਰਤਾਜ ਅਸ਼ਰਫੁਲ ਮਖ਼ਲੂਕਾਤ ਦੀ ਪਦਵੀ ਵਾਲਾ ਇਨਸਾਨ ਮਨੁੱਖ ਭੀ ਇਸ ਬਿਖ ਮਾਇਆ ਦਾ ਭੁਚਲਾਇਆ ਹੋਇਆ, ਬਿਖਿਆ ਰੂਪੀ ਦਾ ਸੰਚਮ ਹੀ ਸੰਚ ਰਿਹਾ ਹੈ ਅਤੇ ਬਿਖਿਆਵੀ ਮਾਇਆਵੀ ਖਟੀ ਖਟਣ ਦੇ ਬਿਖੂ ਕਰਮਾਂ ਦੇ ਕਾਰਨ ਵਿਚਿ ਹਮਾਤਨ ਮਸਰੂਫ਼ ਹੋਇਆ ਹੈ। ਉਸ ਨੂੰ ਬਿਖ ਮਾਇਆ-ਬਿਹਾਜਣੇ ਕਰਮਾਂ ਤੋਂ ਬਿਨਾਂ ਹੋਰ ਕੁਛ ਸੁਝਦਾ ਹੀ ਨਹੀਂ। ਜਿਉਂ ਜਿਉਂ ਇਹ ਕਰਮ ਕਰਦਾ ਹੈ ਤਿਉ ਤਿਉਂ ਤੈਥੋਂ ਵਿਛੜ ਕੇ ਲੱਖ ਕੋਹਾਂ ਦੀ ਵਿਥ ਤੇ ਪਰੇਡੇ ਹੋ ਰਿਹਾ ਹੈ। ਏਹਨਾਂ ਇਨਸਾਨਾਂ ਵਿਚੋਂ ਜਿਸ ਕਿਸੇ ਨੂੰ ਇਸ ਮਾਇਆ ਬਿਖਿਆ ਦੀ ਉਲਝਣ ਵਿਚੋ, ਮਾਇਆ ਦੀ ਚਿੱਕੜ ਵਾਲੀ ਗਡਣ ਵਿਚੋਂ ਗੁਰ ਪ੍ਰਸਾਦਿ ਕਰਿ ਨਿਕਲਣ ਦਾ ਵਡਭਾਗਾ ਅਵਸਰ ਮਿਲਿਆ ਹੈ, ਤਿਸ ਨੂੰ ਗੁਰੂ ਨਾਨਕ ਨੇ ਆਪਣੇ ਘਰ (ਗੁਰੂ ਸਰ ਵਿਚ) ਲਿਆਇ ਕੈ ਦੀਖਸ਼ਾਇ ਕੈ ਅੰਮ੍ਰਿਤ ਨਾਮ ਦਾ ਗੱਫਾ ਬਖਸ਼ਿਆ ਹੈ। ਜਿਸ ਅੰਮ੍ਰਿਤ ਨਾਮ ਦੇ ਛਾਂਦੇ ਨੂੰ ਛਕ ਕੇ ਗੁਰੂ ਨਾਨਕ ਦੇ ਘਰ ਦੇ ਸਿਖ ਸਜਨਾਂ ਗੁਰਮੁਖਾਂ ਨੇਂ ਇਸ ਬਿਖ ਮਾਇਆ ਵਿਚੇ ਹੀ (ਬਿਖ ਮਾਇਆ ਵਿਚਿ ਰਹਿੰਦਿਆਂ ਹੋਇਆਂ) ਝੋਲ ਕੇ ਅੰਮ੍ਰਿਤ ਦੇ ਗਟਾਕ ਹੀ ਭੂੰਚੇ ਪੀਤੇ ਹਨ। ਬਸ, ਅਜਿਹਾ ਅੰਮ੍ਰਿਤ ਗਟਾਕੀ ਨਾਮ ਰਸ ਪੀਤਾ ਹੈ। ਬਾਂਹ ਪਕਰ ਕੇ ਤਿਨ੍ਹਾਂ ਨੂੰ ਆਪਿ ਹੀ ਗੁਰੂ ਕਰਤਾਰ ਨੇ ਰਖ ਲੀਤਾ ਹੈ। ਜਿਨ੍ਹਾਂ ਦੀ ਇਸ ਪ੍ਰਕਾਰ ਗੁਰ ਪ੍ਰਸਾਦਿ ਕਰਿ ਰਖਿਆ ਹੋਈ ਹੈ, ਤੇ ਸਭ ਭਵਜਲੋਂ ਪਾਰ ਪਏ ਹਨ। ਮੁਕਤੀ ਓਹਨਾਂ ਦੇ ਚਰਨ ਚੁੰਮਦੀ ਫਿਰਦੀ ਹੈ।

ਬਿਨੁ ਹਰਿ ਭਜਨ ਜੇਤੇ ਕਾਮ ਕਰੀਅਹਿ ਤੇਤੇ ਬਿਰਥੇ ਜਾਂਹਿ॥
ਪੂਰਨ ਪਰਮਾਨੰਦ ਮਨਿ ਮੀਠੋ ਤਿਸੁ ਬਿਨੁ ਦੂਸਰ ਨਾਹਿ॥੧॥
ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ॥
ਚਰਨ ਕਮਲ ਨਾਨਕ ਮਨੁ ਬੇਧਿਓ ਚਰਨਹ ਸੰਗਿ ਸਮਾਹਿ॥੨॥੭੨॥
੯੫॥ (ਸਾਰੰਗ ਮ: ੫, ਪੰਨਾ ੧੨੨੨)

ਵਿਆਖਿਆ - ਵਾਹਿਗੁਰੂ ਦੇ ਭਜਨ ਬਿਨਾਂ ਹੋਰਿ ਜਿਤਨੇ ਭੀ ਕੰਮ ਅਤੇ ਕਰਮ ਕਰੀਦੇ ਹਨ, ਤਿਤਨੇ ਹੀ ਸਭਿ ਬਿਰਥੇ ਜਾਂਦੇ ਹਨ। ਜਿਨ੍ਹਾਂ ਦੇ ਹਿਰਦੇ ਅੰਦਰਿ ਪੂਰਨ ਪਰਮਾਨੰਦ ਮਨਮੋਹਨ ਵਾਹਿਗੁਰੂ ਦਾ ਨਾਮ ਹੀ ਵਸਿਆ ਹੋਇਆ ਹੈ ਅਤੇ ਨਾਮ ਬਿਨਾਂ ਦੂਜੇ ਭਾਵ ਵਾਲਾ ਕੋਈ ਭੀ ਸੰਸਕਾਰ ਨਹੀਂ ਸਮਾਇਆ ਹੋਇਆ, ਉਸਦੇ ਮੁਕਾਬਲੇ ਵਿਚ ਸਾਰੇ ਸੰਜਮ (ਇੰਦ੍ਰੀਆਂ ਨੂੰ ਦਮਨ ਕਰਨ ਦੇ ਯਤਨ) ਅਤੇ ਸਾਰੇ ਸੰਸਾਰੀ ਸੁਖ ਵਾਸ਼ਨਾ ਵਾਲੇ ਕਰਮ ਤਿਲ ਭਰ ਤੁੱਲਨਾ ਨਹੀ ਰਖਦੇ। ਗੁਰੂ ਨਾਨਕ ਦੇ ਘਰ ਦੇ ਗੁਰਮੁਖਿ ਅਭਿਆਸੀ ਜਨਾਂ ਨੂੰ ਜੋ ਆਤਮ ਸੁਖ ਨਾਮ ਜਪ ਕੇ ਚਰਨ-ਕੰਵਲਾਂ ਦੀ ਮਉਜ ਮਾਨਣ ਦਾ ਨਸੀਬ ਹੋਇਆ ਹੈ, ਉਸ ਦੇ ਸਮਾਨ ਹੋਰ ਕੋਈ ਸੁਖ ਨਈਂ। ਲਖਾਂ ਆਨਮਤ ਕਰਮਾਂ ਦੇ ਕੀਤਿਆਂ ਤਸੂਮਾਤਰ ਭੀ ਸੁਖ ਪ੍ਰਾਪਤਿ ਨਹੀਂ ਹੁੰਦਾ, ਚਰਨ ਕੰਵਲਾਂ ਦੀ ਮਉਜ ਦੇ ਪਰਮ ਅਨੰਦੀ ਸੁਖ ਦੇ ਬਰਾਬਰਿ। ਜਿਨ੍ਹਾਂ ਗੁਰੂ ਘਰ ਦੇ ਗੁਰਮੁਖ ਜਨਾਂ ਨੇ ਅਕਾਲ ਪੁਰਖ ਦੇ ਚਰਨ ਕੰਵਲਾਂ ਦੀ ਮਉਜ ਵਿਚ ਹੀ ਮਨ ਹਿਰਦੇ ਨੂੰ ਬੇਧਿਆ ਹੋਇਆ ਹੈ, ਉਹ ਬਸ ਚਰਨਾਂ ਕੰਵਲਾਂ ਦੀ ਮਉਜ ਵਿਚਿ ਹੀ ਸਦਾ ਸਮਾਇ ਰਹਿੰਦੇ ਹਨ।

ਗੁਰੂ ਨੂੰ ਧਾਰਨ ਕਰਕੇ, ਗੁਰੂ ਦੁਆਰਿਓਂ ਗੁਰੂ ਦੀਖਿਆ ਮਿਲਣ ਕਰਕੇ ਵਾਹਿਗੁਰੂ ਦਾ ਸਿਮਰਨ ਕਰਨੇ ਨਾਲਿ ਹੀ ਪਾਪਾਂ ਦਾ, ਪਾਪ ਕਰਮਾਂ ਦਾ ਦਹਿਨ ਹੁੰਦਾ ਹੈ, ਪਾਪ ਅਤੇ ਪਾਪ ਕਰਮ ਦੂਰ ਹੁੰਦੇ ਹਨ। ਖਟ ਕਰਮ ਆਦਿ ਆਨਮਤ ਕਰਮਾਂ ਦੇ ਜਤਨ ਸਭ ਨਿਸਫਲ ਹਨ। ਯਥਾ ਗੁਰਵਾਕ -

ਪ੍ਰਭ ਕਹਨ ਮਲਨ ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ॥੧॥ ਰਹਾਉ॥

ਤਟਨ ਖਟਨ ਜਟਨ ਹੋਮਨ ਨਾਹੀ ਡੰਡ ਧਾਰ ਸੁਆਉ ॥੧॥
ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ॥
ਸੋਧਿ ਸਗਰ ਸੋਧਨਾ ਸੁਖੁ ਨਾਨਕਾ ਭਜੁ ਨਾਉ ॥੨॥੨॥੩੯॥(ਕਾਨੜਾ ਮ: ੫, ਪੰਨਾ ੧੩੦੬)

ਤਾਤਪਰਯ ਵਿਆਖਿਆ - ਵਾਹਿਗੁਰੂ ਨਾਮ ਦਾ ਉਚਾਰਨ ਮਾਤਰ ਹੀ ਪਾਪ ਕਰੰਮਾਂ ਦੀਆਂ ਕੋਟਿ ਮੈਲਾਂ ਨੂੰ ਦਹਿੰਦ, ਦਾਹ ਸਿਟਣ, ਸਾੜ ਦੇਣ ਲਈ ਸਮੱਰਥ ਹੈ। ਪ੍ਰੰਤੂ ਇਸ ਗੁਰਮਤਿ ਨਾਮ ਦੇ ਸਿਮਰਨ ਨੂੰ ਲਹੀਦਾ (ਹਾਸਲ ਕਰੀਦਾ) ਹੈ ਗੁਰੂ ਨੂੰ ਮਿਲ ਕੇ ਹੀ। ਜੋ ਇਸ ਗੁਰਮਤਿ ਨਾਮ ਦੇ ਸਿਮਰਨ ਨੂੰ ਹਾਸਲ ਕਰਦੇ ਹਨ ਸੋ ਗੁਰੂ ਨੂੰ ਮਿਲ ਕੇ ਹੀ ਗੁਰੂ ਧਾਰਨ ਕਰ ਕੇ ਹੀ ਕਰਦੇ ਹਨ। ਨਿਗੁਰਿਆਂ, ਗੁਰੂ-ਹੀਣਿਆਂ ਨੂੰ ਇਹ ਨਾਮ ਤੇ ਨਾਮ ਦਾ ਸਿਮਰਨ ਨਹੀਂ ਮਿਲਦਾ। ਹੋਰ ਕਈ ਉਪਾਉ ਹੈ ਹੀ ਨਹੀਂ, ਨਾਮ ਸਿਮ੍ਰਨ ਦੇ ਮਿਲਣ ਦਾ। ਤਟ ਤੀਰਥਾਂ ਤੇ ਵਸਣਾ, ਤੀਰਕਾਂ ਦੇ ਕੰਢਿਆਂ (ਕਿਨਾਰਿਆਂ) ਤੇ ਜਾ ਵਾਸਾ ਕਰਨਾ, ਖਟ ਕਰਮਾਂ ਦਾ ਕਰਨਾ, ਜਟਾਂ ਧਾਰਨੀਆਂ, ਹੋਮ ਯਗ ਆਦਿਕ ਕਰਮ ਕਿਸੇ ਭੀ ਅਰਥ ਨਹੀਂ। ਖਿੰਥਾ ਡੰਡਾ ਧਾਰੀ ਬਣਨਾ, ਇਹ ਸਭ ਪਖੰਡ ਕਰਮ ਕਿਸੇ ਭੀ ਅਰਥ ਨਹੀਂ। ਸਭ ਬੇਅਰਥ ਨਿਕੰਮੇ ਹਨ। ਏਹਨਾਂ ਕਰਮਾਂ ਦੁਆਰਾ ਅਸਲ ਮਨੋਰਥ ਸਿੱਧੀ ਨਹੀਂ ਹੁੰਦੀ। ਭਾਂਤ ਭਾਂਤ ਦੇ ਅਨਿਕ ਪ੍ਰਕਾਰ ਆਨਮਤਿ ਯਤਨ ਕਰਨੇ, ਅਰ ਬਹੁ ਬਹੁ ਭਾਂਤੀ ਤਪ ਸਾਧਣੇ, ਐਵੇਂ ਥਾਉਂ ਥਾਈਂ ਭਉਂਦੇ ਭ੍ਰਮਦੇ ਫਿਰਨਾ ਮਨ ਉਕਤ ਕਥਨੀਆਂ ਕਥਦੇ ਫਿਰਨਾ, ਏਹਨਾਂ ਕਰਮਾਂ ਦੇ ਕਰਨ ਕਰਿ ਦਰਗਾਹ ਅੰਦਰਿ ਜਾ ਕੇ ਕੋਈ ਠਉਰ ਠਿਕਾਣਾ ਨਹੀਂ ਮਿਲਦਾ। ਨਾ ਹੀ ਬੇਅੰਤ ਵਾਹਿਗੁਰੂ ਦੀ ਥਾਹ ਪਾਈ ਜਾ ਸਕਦੀ ਹੈ। ਹੋਰ ਸਭ ਸਾਧਨ ਆਨਮਤਿ ਕਰਮਾਂ ਦੇ ਠੋਕ ਵਜਾ ਕੇ ਅਜ਼ਮਾਏ ਗਏ ਹਨ। ਸਗਰੀ ਸੋਧਨਾ ਬਣਾ ਕੇ ਸੋਧੀ ਗਈ ਹੈ। ਸੱਚਾ ਸੁਖ ਏਸੇ ਵਿਚ ਹੈ ਕਿ ਗੁਰੂ ਨਾਨਕ ਸੁਮਤਿਆ ਹੋਇਆ, ਦੀਖਸ਼ਾਤਿਆ ਹੋਇਆ ਨਾਮ ਹੀ ਜਪਿਆ ਜਾਵੇ। ਖਿਨ ਨਾ ਵਿਸਾਰਿਆ ਜਾਵੇ। ਹੋਰ ਕਰਮ ਧਰਮ ਸਭਿ ਵਿਸਰਿ ਜਾਣ ਤਾਂ ਨਿਸ਼ੰਗ ਵਿਸਰਿ ਜਾਣ, ਕੋਈ ਪਰਵਾਹ ਨਹੀਂ। ਪਰਵਾਹ ਹੈ ਤਾ ਇਕੋ ਗੱਲ ਦੀ ਹੈ ਕਿ ਨਾਮ ਨਾ ਵਿਸਰੇ। ਇਕ ਪਲ ਚਸਾ ਨਾ ਵਿਸਰੇ।

ਨਾਮੁ ਨ ਵਿਸਰਉ ਇਕੁ ਖਿਨੁ ਚਸਾ ਇਹੁ ਕੀਜੈ ਦਾਨਾ ॥੧॥ਰਹਾਉ॥
(੪॥੨॥੧੦੪) (ਆਸਾ ਮ: ੫, ਪੰਨਾ ੩੯੬)

ਨਾਮੁ ਨ ਬਿਸਰੈ ਤਬ ਜੀਵਨੁ ਪਾਈਐ ਬਿਨਤੀ ਨਾਨਕ ਇਹ ਸਾਰੈ॥
॥੨॥੨੯॥੫੨॥ (ਸਾਰੰਗ ਮ: ੫, ਪੰਨਾ ੧੨੧੫)

ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤ ਹਉਮੈ ਹੋਇ ਖੁਆਰੁ॥
ਜਲਿ ਹਸਤੀ ਮਲਿ ਨਾਵਾਲੀਐ ਸਿਰਿ ਭੀ ਫਿਰਿ ਪਾਵੈ ਛਾਰੁ॥
ਹਰਿ ਮੇਲਹੁ ਸਤਿਗੁਰੁ ਦਇਆ ਕਰਿ ਮਨਿ ਵਸੈ ਏਕੰਕਾਰੁ॥
ਜਿਨ ਗੁਰਮੁਖਿ ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ॥੨॥ (੪)
(ਮ: ੪ ਕਾਨੜੇ ਕੀ ਵਾਰ, ਪੰਨਾ ੧੩੧੪)

ਵਿਆਖਿਆ - ਨਾਮ ਸਿਮਰਨ ਤੋਂ ਬਿਨਾਂ ਜਿਹੜੇ ਕਰਮ ਕਮਾਏ ਜਾਂਦੇ ਹਨ, ਓਹਨਾਂ ਕਰਮਾਂ ਦੇ ਕਰਨ ਕਰ ਕੇ ਹਉਮੈ ਵਿਚਿ ਹੀ ਨਿਤ ਖੁਆਰ ਖੱਜਲ ਹੋਈਦਾ ਹੈ। ਉਕਤ ਕਰਮ ਕੀਤੇ ਐਸੇ ਹੀ ਖ਼ਾਕ ਵਿਚ ਮਿਲ ਜਾਂਦੇ ਹਨ, ਨੇਸਤੋ ਨਾਬੂਦ ਹੋ ਜਾਂਦੇ ਹਨ ਜਿਵੇਂ ਹਾਥੀ ਨੂੰ ਜਲ ਨਾਲਿ ਮਲ ਕੇ ਨਵ੍ਹਾਇਆ ਜਾਵੇ, ਉਹ ਮੁੜ ਕੇ ਸਿਰ ਵਿਚ ਖੇਹ ਹੀ ਪਾ ਲੈਂਦਾ ਹੈ। ਉਹਦਾ ਨ੍ਹਾਤਾ ਧੋਤਾ ਬਰਬਾਦ ਹੀ ਹੋ ਜਾਂਦਾ ਹੈ। ਜਿਸ ਉਪਰ ਵਾਹਿਗੁਰੂ ਨਿਰੰਕਾਰ ਦੀ ਦਇਆ-ਦ੍ਰਿਸ਼ਟੀ ਹੁੰਦੀ ਹੈ, ਉਸ ਨੂੰ ਸੱਚੇ ਸਤਿਗੁਰੂ ਦੇ ਦਰਸ਼ਨ ਭੇਟ ਮਿਲਾਪ ਹੋ ਜਾਂਦੇ ਹਨ। ਗੁਰੂ ਦੇ ਭੇਟ ਮਿਲਾਪ ਕਰਿ ਏਕੰਕਾਰ ਵਾਹਿਗੁਰੂ ਉਸਦੇ ਮਨ ਵਿਚ ਆ ਵਸਦਾ ਹੈ। ਇਹ ਸਭ ਸਤਿਗੁਰੂ ਦੀ ਦੀਖਿਆ ਦਾ ਪਰਤਾਪ ਹੈ। ਜਿਸ ਗੁਰਮੁਖਿ ਨੇ ਸਤਿਗੁਰੂ ਦੀ ਦੀਖਿਆ ਸੁਣ ਕੇ ਨਾਮ ਵਾਹਿਗੁਰੂ ਨੂੰ ਮਨ ਵਿਚਿ ਵਸਾਇਆ ਹੈ, ਉਹ ਜਨ ਗੁਰੂ ਨਾਨਕ ਸਾਹਿਬ ਦੀਆਂ ਸੀਸਾਂ ਭਰੀ ਜੈਕਾਰ ਧੁੰਨਕਾਰ ਦਾ ਅਧਿਕਾਰੀ ਹੋ ਜਾਂਦਾ ਹੈ। (ਚਲਦਾ)


www.AKJ.Org

# ਅਖੰਡ ਕੀਰਤਨੀ ਜੱਥਾ ਯੂ. ਕੇ. ਦੇ ਸਮਾਚਾਰ

## ਭਾਈ ਬੰਤਾ ਸਿੰਘ ਜੀ ਨਹੀਂ ਰਹੇ।

ਅਨਿੰਨ ਸੇਵਕ, ਰਹਿਣੀ, ਸਹਿਣੀ, ਕਹਿਣੀ, ਕਰਨੀ ਦੇ ਸੂਰੇ, ਹਰਮਨ ਪਿਆਰੇ ਯੂ. ਕੇ. ਅਤੇ ਹੋਰ ਮੁਲਕਾਂ ਵਿਚ ਅਖੰਡ ਕੀਰਤਨ ਰਾਹੀਂ ਗੁਰੂ ਤੋਂ ਹੋਇ ਬੇਮੁੱਖ ਵੀਰਾਂ ਭੈਣਾਂ ਨੂੰ ਗੁਰਮਤਿ ਰਾਹੀਂ ਰਾਹ 'ਤੇ ਪਾਉਣ ਵਾਲੇ ਭਾਈ ਸਾਹਿਬ ਬੰਤਾ ਸਿੰਘ ਜੀ ਥੋੜ੍ਹਾ ਸਮਾਂ ਢਿੱਲੇ ਰਹਿਣ ਤੋਂ ਬਾਅਦ ਮਿਤੀ 8-8-੭੭ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਭਾਈ ਸਾਹਿਬ ਦਾ ਜਨਮ 14 ਨਵੰਬਰ 1921 ਵਿਚ ਭਾਰਤ ਵਿਚ ਹੋਇਆ। ਕੁਝ ਸਮਾਂ ਆਪ ਜੀ ਨੇ ਮਿਲਟਰੀ ਦੀ ਨੌਕਰੀ ਕੀਤੀ। ਫਿਰ ਇੰਡੀਅਨ ਰੇਲਵੇ ਵਿਚ ਗਾਰਡ ਦੀ ਨੌਕਰੀ ਕੀਤੀ ਤੇ ਬੰਬਈ ਪਰਵਾਰ ਸਹਿਤ ਰਹਿਣ ਲਗ ਪਏ। ਸੰਨ 1965 ਨੂੰ ਯੂ. ਕੇ. ਦੀ ਧਰਤੀ 'ਤੇ ਪਹੁੰਚ. ਗਏ । ਇਥੇ ਵੀ ਬ੍ਰਿਟਿਸ਼ ਰੇਲਵੇ ਵਿਚ ਗਾਰਡ ਦੀ ਨੌਕਰੀ ਤਕਰੀਬਨ ੨੦ ਸਾਲ ਕਰਕੇ ਰਿਟਾਇਰ ਹੋਏ ।

ਉਸ ਸਮੇਂ ਦਸਤਾਰ ਵਾਲਾ ਸਿੰਘ ਸਰਕਾਰੀ ਅਦਾਰਿਆਂ ਵਿਚ ਕੋਈ ਵਿਰਲਾ ਹੀ ਹੁੰਦਾ ਸੀ। ਦਾਸ ਦਾ ਮੇਲ ਪਹਿਲੀ ਵਾਰ 1965 ਵਿਚ ਕਾਵੈਂਟਰੀ ਗੁਰਦੁਆਰੇ ਵਿਚ ਹੋਇਆ। ਉਥੇ ਕੀਰਤਨ ਕਰਕੇ ਗੁਰੂ ਚਰਨਾਂ ਨਾਲ ਸੰਗਤ ਜੁੜੀ। ਦਰਸ਼ਨ ਕਰਕੇ ਬਹੁਤ ਦਿਲ ਖੁਸ਼ ਹੋਇਆ। ਕੀਰਤਨ ਬਹੁਤ ਚੜ੍ਹਦੀਆਂ ਕਲਾਂ ਵਿਚ ਕਰਦੇ ਸਨ। ਇਸੇ ਕੀਰਤਨ ਦੀਆਂ ਧੁੰਨਾਂ ਨੇ ਦਾਸ ਤੇ ਸਿੰਘਣੀ ਨੂੰ ਮਾਨੋਂ ਕੀਲ ਲਿਆ। ਐਸੇ ਮਿਲੇ ਕਿ ਅੰਤ ਸਮੇਂ ਤਕ ਵੀ ਦੁਖ ਸੁੱਖ ਦੇ ਭਾਈਵਾਲ ਬਣੇ ਰਹੇ। ਯਾਦ ਰੱਖਣ ਵਾਲੀ ਗੱਲ ਹੈ ਕਿ ਉਸ ਸਮੇਂਇੰਗਲੈਂਡ ਵਿਚ ਅੰਮ੍ਰਿਤਧਾਰੀ ਰਹਿਤ ਬਹਿਤ ਧਾਰਨੀ ਕੋਈ ਟਾਵਾਂ ਹੀ ਇੰਮੀਗਰਾਂਟ ਹੁੰਦਾ ਸੀ। ਯੂ.ਕੇ. ਰਹਿੰਦੇ ਸਮੇਂ ਭਾਈ ਸਾਹਿਬ ਦੇ ਕਈ ਗੁੱਝੇ ਗੁਣਾਂ ਦਾ ਦਾਸ ਨੂੰ ਪਤਾ ਚਲਿਆ। ਇਸ ਵੀਰ ਨੇ ਸਾਰੀ ਉਮਰ ਗੁਰਬਾਣੀ ਤੇ ਕੀਰਤਨ ਨੂੰ ਹੀ ਆਪਣਾ ਜੀਵਨ ਆਧਾਰ ਬਣਾਈ ਰੱਖਿਆ। ਕਦੇ ਵੀ ਡੋਲਦਿਆਂ ਨਹੀਂ ਵੇਖਿਆ ਅਤੇ ਕੀਰਤਨ ਅਖਾੜਿਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਇਕ ਜ਼ਰੂਰੀ ਘਟਨਾ ਦਾ ਜ਼ਿਕਰ ਕਰਨਾ ਸ਼ਾਇਦ ਕੁਥਾਇ ਨਾ ਹੋਵੇ।

ਯੂ. ਕੇ. ਵਿਚ ਪਹਿਲੀ ਰੈਣ ਸਬਾਈ ਕੀਰਤਨ ਸੰਨ 1966 ਗੁਰੂ ਨਾਨਕ ਗੁਰਦੁਆਰਾ ਸਮੈਥਿਕ ਵੈਸਟ ਮਿਡਲੈਂਡ ਵਿਚ ਸੰਪੰਨ ਹੋਈ। ਰੈਣ ਸਬਾਈ ਕੀਰਤਨ ਦਾ ਖਿਆਲ ਵੀ ਭਾਈ ਸਾਹਿਬ ਨੇ ਹੀ ਦਾਸ ਨੂੰ ਦਿੱਤਾ ਸੀ। ਦਾਸ ਭਾਈ ਸਾਹਿਬ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਦੇ ਸੈਕਟਰੀ ਪਾਸ ਫਰਿਆਦੀ ਹੋਇਆ। ਉਸ ਨੇ ਪੁੱਛਿਆ ਰੈਣ ਸਬਾਈ ਕੀਰਤਨ ਕੀ ਹੁੰਦਾ ਹੈ? ਦਾਸ ਨੇ ਉਤਰ ਦਿੱਤਾ ਕਿ ਸਾਰੀ ਰਾਤ ਨਿਰੰਤਰ ਨਿਰੋਲ ਬਾਣੀ ਦਾ ਕੀਰਤਨ ਹੋਣਾ। ਫਿਰ ਆਖਣ ਲੱਗਾ ਕੀਰਤਨੀਏ ਕਿਥੋਂ ਆਉਣਗੇ। ਕੀਰਤਨ ਸਾਰੀ ਰਾਤ ਨਹੀਂ ਚਲ ਸਕੇਗਾ, ਜਿਸ ਨਾਲ ਕਮੇਟੀ ਦੀ ਬਦਨਾਮੀ ਹੋਵੇਗਾ। ਦਾਸ ਨੇ ਆਖਿਆ, ਸਾਨੂੰ ਗੁਰਦੁਆਰੇ ਦਾ ਦਿਵਾਨ ਹਾਲ ਤੇ ਕਿਚਨ ਦੇ ਦਿਉ। ਕੀਰਤਨ ਗੁਰੂ ਜੀ ਆਪ ਕਰਾਉਣਗੇ ਤੇ ਲੰਗਰ ਦੀ ਸੇਵਾ ਗੁਰੂ ਦੇ ਸੇਵਾਦਾਰ ਬੱਚੇ ਕਰਨਗੇ। ਬਾਕੀ ਰਹੀ ਬਦਨਾਮੀ ਦੀ ਗੱਲ, ਦਾਸ ਨੇ ਝੋਲੀ ਅੱਡ ਕੇ ਆਖਿਆ ਕਿ ਬਦਨਾਮੀ ਤੇ ਬੇਇਜ਼ਤੀ ਮੇਰੇ ਸਿਰ ਤੇ ਰਹੇਗੀ। ਜਿਸ ਕਰਕੇ ਰੈਣਿ ਸਬਾਈ ਕੀਰਤਨ ਦੀ ਸੰਗਤਾਂ ਵਿਚ ਖਬਰ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਮੈਂ ਹੀ ਲਈ। ਗੁਰੂ ਕ੍ਰਿਪਾ ਐਸੀ ਹੋਈ ਕਿ ਕੀਰਤਨ ਸਾਰੀ ਰਾਤ ਰੰਗਾਂ ਵਿਚ ਹੋਇਆ ਤੇ ਸੰਗਤ ਵੀ ਜੁੜੀ ਰਹੀ। ਫਿਰ ਦੂਸਰੇ ਸਾਲ ਗੁਰਦਿਆਲ ਸਿੰਘ ਰਸੀਆ ਦਾ ਜਥਾ ਤੇ ਭਾਈ ਅਮੋਲਕ ਸਿੰਘ ਜੀ ਨੇ ਸ਼ਿਰੱਕਤ ਕੀਤੀ। ਰੈਣ ਸਬਾਈ ਕੀਰਤਨ ਹੋਰ ਚੜ੍ਹਦੀਆਂ ਕਲਾਂ ਵਿਚ ਹੋਇਆ। ਫਿਰ ਤਾਂ ਹੁਣ ਦੱਸਣ ਕਹਿਣ ਦੀ ਬਾਤ ਹੀ ਨਹੀਂ। ਰੈਣ ਸਬਾਈ ਕੀਰਤਨ ਹਰੇਕ ਸ਼ਹਿਰ ਵਿਚ ਹੋ ਰਹੇ ਹਨ।

ਇਸੇ ਤਰ੍ਹਾਂ ਕਿਰਪਾਨ ਦੇ ਮਸਲੇ ਨੂੰ ਹੱਲ ਕਰਨ ਲਈ ਭਾਈ ਸਾਹਿਬ ਨੇ ਪੂਰਾ ਪੂਰਾ ਸਹਿਯੋਗ ਦਿੱਤਾ। ਹਰ ਮੀਟਿੰਗ ਭਾਵੇਂ ਹੋਮ ਆਫ਼ਿਸ ਵਿਚ ਸੀ ਜਾਂ ਕਿਤੇ ਹਵਾਈ ਜਹਾਜ਼ ਦੇ ਮਹਿਕਮੇ ਵਿਚ ਸੀ। ਭਾਈ ਸਾਹਿਬ ਮੋਢੇ ਨਾਲ ਮੋਢਾ ਲਾ ਕੇ ਸੇਵਾ ਨਿਭਾਉਂਦੇ ਰਹੇ। ਇਸ ਤਰ੍ਹਾਂ ਕ੍ਰਿਪਾਨ ਆਜ਼ਾਦ ਕਰਾਉਣ ਵਿਚ ਵੀ ਇਹਨਾਂ ਦੀ ਅਣਥੱਕ ਸੇਵਾ ਸੀ। ਇਥੇ ਹੀ ਬੱਸ ਨਹੀਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਛਪਣ, ਛਪਾਉਣ ਤੇ ਵੰਡਣ ਵਿਚ ਭਾਈ ਸਾਹਿਬ ਨੇ ਪੂਰਾ ਸਹਿਯੋਗ ਦਿੱਤਾ, ਬਲਕਿ ਸਮੇਂ ਸਮੇਂ ਮਾਇਆ ਨਾਲ ਵੀ ਮਦਦ ਕਰਦੇ ਰਹੇ।


www.AKJ.Org

ਆਖਰੀ ਦਿਨਾਂ ਵਿਚ ਦਾਸ ਆਪਣੀ ਸਿੰਘਣੀ ਨਾਲ ਡਡਲੀ ਰੋਡ ਹਸਪਤਾਲ ਮਿਲਣ ਗਿਆ। ਭਾਈ ਸਾਹਿਬ ਬੜੇ ਖੁਸ਼ ਸਨ। ਆਖਣ ਲੱਗੇ, ਸਤਿਗੁਰੂ ਜੀ ਬਖਸ਼ਿਸ਼ ਕਰਨ ਮੇਰੇ ਹਾਰਟ ਦਾ ਬਾਈਪਾਸ ਅਪਰੇਸ਼ਨ ਕਾਮਯਾਬ ਹੋ ਜਾਵੇ ਤੇ ਮੈਂ ਗੁਰੂ ਜਸ ਕਰਨ ਜੋਗਾ ਫਿਰ ਹੋ ਜਾਵਾਂ। ਇਹੋ ਹੀ ਮੇਰੀ ਵਡੀ ਇੱਛਾ ਹੈ।'' ਪਰ ਕੀ ਪਤਾ ਸੀ ਸੱਚੇ ਪਾਤਸ਼ਾਹ ਨੂੰ ਆਪਣੇ ਢਾਢੀ ਦੀ ਕਿਉਂ ਏਨੀ ਜਲਦੀ ਲੋੜ ਪੈ ਗਈ। ਤੇ ਸਾਥੋਂ ਸਦਾ ਲਈ ਵਿਛੜ ਗਏ। ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਸਾਡੀ ਜੋਦੜੀ ਹੈ ਕਿ ਉਹ ਭਾਈ ਸਾਹਿਬ ਦੀ ਆਤਮਾ ਨੂੰ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਸਾਨੂੰ ਅਤੇ ਉਹਨਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ। ਉਹਨਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੀ ਹੋਵੇਗੀ ਕਿ ਸਾਡਾ ਅਖੰਡ ਕੀਰਤਨੀ ਜਥਾ ਰਲ ਮਿਲ ਕੇ ਕੀਰਤਨ ਸਮਾਗਮਾਂ ਵਿਚ ਜੁੜੇ ''ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰ ਕਰੋ ਲਿਵਲਾਇ।। ਹਰਿਨਾਮੈ ਕੇ ਹੋਵਹੁ ਜੋੜੀ ਗੁਰਮੁਖ ਬੈਠਹੁ ਸਫਾ ਵਿਛਾਇ।।''

## ਅਖੰਡ ਕੀਰਤਨੀ ਜਥਾ ਯੂ. ਕੇ ਦੀਆਂ ਕੀਰਤਨ ਸਰਗਰਮੀਆਂ

(1) ਬ੍ਰਮਿਘੰਮ ਯੂ. ਕੇ :- 24 ਜੁਲਾਈ ਨੂੰ ਜੱਥੇ ਵਲੋਂ ਬ੍ਰਮਿਘੰਮ ਸ਼ਹਿਰ ਵਿਖੇ ਦੂਜੀ ਵਾਰ ਬਾਹਰ ਖੁਲ੍ਹੇ ਪੰਡਾਲ ਵਿਚ ਰੈਣਿ ਸਬਾਈ ਕੀਰਤਨ ਦਾ ਪ੍ਰਬੰਧ ਕੀਤਾ ਗਿਆ। ਆਮ ਤੌਰ ਤੇ ਯੂ. ਕੇ. ਵਿਖੇ ਗੁਰੂ ਘਰਾਂ ਵਿਚ ਹੀ ਰੈਣਿ ਸਬਾਈ ਹੁੰਦੀਆਂ ਹਨ। ਪਰ ਨੌਜਵਾਨਾਂ ਦੀ ਮੰਗ ਕਾਰਨ ਕਿ ਗਰਮੀਆਂ ਵਿੱਚ ਇੰਡੀਆਂ ਵਿਚ ਹੁੰਦੇ ਸਮਾਗਮ ਵਾਗੂੰ ਇਥੇ ਵੀ ਸਾਲ ਦੇ ਵਿਚ ਇਕ ਵਾਰੀ ਕਰਨ ਦਾ ਉਪਰਾਲਾ ਕੀਤਾ ਜਾਵੇ। ਸੰਗਤਾਂ ਭਾਰੀ ਗਿਣਤੀ ਵਿਚ ਪੁਜੀਆਂ ਸਨ। ਭਾ: ਮਨਜੀਤ ਸਿੰਘ ਜੀ ਗਲਾਸਗੋ ਵਾਲੇ, ਭਾ: ਸੁਰਜੀਤ ਸਿੰਘ ਜੀ ਨੜਾਲਾ ਅਤੇ ਬੀਬੀ ਕੁਲਦੀਪ ਕੌਰ ਜੀ ਬੇਗੋਵਾਲ ਉੱਚੇਚੇ ਤੌਰ ਤੇ ਪਹੁੰਚੇ ਤੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੇ ਅਗੰਮੀ ਰਸ ਭੁੰਚਾ ਕੇ ਨਿਹਾਲ ਕੀਤਾ।

(2)ਨਿਊਯਾਰਕ ਯੂ. ਐਸ ਏ :- 26 ਜੁਲਾਈ ਤੋਂ 31 ਜੁਲਾਈ ਨਿਊਯਾਰਕ ਸ਼ਹਿਰ ਅਮਰੀਕਾ ਵਿਖੇ ਅਖੰਡ ਕੀਰਤਨ ਸਮਾਗਮ ਹੋਏ। ਜਿਸ ਵਿਚ ਯੂ. ਕੇ. ਜੱਥੇ ਵਿਚ ਸੇਵਾ ਕਰਨ ਵਾਲੇ ਸਿੰਘ ਨਿਊਯਾਰਕ ਦੀਆਂ ਸੰਗਤਾਂ ਦੇ ਸੱਦੇ ਤੇ ਉੱਚੇਚੇ ਤੌਰ ਤੇ ਗਏ। 31 ਜੁਲਾਈ ਨੂੰ ਸਮਾਗਮ ਦੇ ਅੰਤ ਤੇ ਰੈਣਿ ਸਬਾਈ ਕੀਰਤਨ ਦੇ ਅਖਾੜੇ ਸਜਾਏ ਗਏ ਅਤੇ ਅੰਮ੍ਰਿਤ ਸੰਚਾਰ ਹੋਏ ਜਿਸ ਵਿਚ ਕਈ ਪ੍ਰਾਣੀ ਗੁਰੂ ਵਾਲੇ ਬਣੇ। ਭਾ ਸਾਹਿਬ ਜੀਵਨ ਸਿੰਘ ਜੀ ਭਾ: ਮਨਜੀਤ ਸਿੰਘ ਜੀ ਤੇ ਅਮਰੀਕ, ਕਨੇਡਾ ਤੋਂ ਹੋਰ ਕੀਰਤਨੀ ਸਿੰਘ ਅਤੇ ਬੀਬੀਆਂ ਵੀ ਪੁੱਜੇ। ਸਮਾਗਮ ਹਫਤੇ ਦੌਰਾਨ ਜੱਥੇ ਵਲੋਂ ਖਾਲਸਾ ਕੇਂਦਰੀ ਸਕੂਲ ਵਿਖੇ ਬੱਚਿਆਂ ਲਈ ਗੁਰਮਤਿ ਕੈਂਪ ਵੀ ਲਗਾਏ ਗਏ।

(3) ਸਲੋਹ ਯੂ. ਕੇ. : 2 ਅਗਸਤ ਤੋਂ 5 ਅਗਸਤ ਤੱਕ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਲੋਹ ਵਿਖੇ ਨੌਜਵਾਨਾਂ ਦਾ ਸਤਵਾਂ ਗੁਰਮਤਿ ਕੈਂਪ ਲਗਾਇਆ ਗਿਆ। ਕੈਂਪ ਦੌਰਾਨ 350 ਤੋਂ ਵਧ ਨੌਜਵਾਨਾਂ ਨੇ ਹਿਸਾ ਲੈ ਕੇ ਸਿਖ ਧਰਮ ਬਾਰੇ ਹੋਰ ਜਾਣਕਾਰੀ ਹਾਸਲ ਕੀਤੀ। ਕੈਂਪ ਵਿਚ ਵਖ ਵਖ ਐਕਟੀਵੀਟੀਜ਼ ਦਾ ਪ੍ਰਬੰਧ ਕੀਤਾ ਗਿਆ ਸੀ ਜਿਵੇਂ ਕੀਰਤਨ, ਨਾਮ, ਸਿਮਰਨ, ਲੈਕਚਰ, ਵਿਡੀਓ ਫਿਲਮਾਂ, ਗਤਕਾ, ਲਿਖਾ ਪੜੀ ਸਪੋਰਟਸ, ਡਰਾਮਾ, ਆਦਿ। ਸਲੋਹ ਦੇ ਲੋਕਲ ਜੱਥੇ ਦੇ ਨੌਜਵਾਨ ਸਿੱਖ ਇਨਫਰਮੈਸ਼ਨ ਸੁਸਾਇਟੀ ਯੂ. ਕੇ., ਅਕਾਲ ਪੁਰਖ ਦੀ ਫੌਜ ਬੋਸ ਅਤੇ ਸਿੰਘ ਸਭਾ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਸ ਗੁਰਮਤਿ ਕੈਂਪ ਦਾ ਉਪਰਾਲਾ ਕੀਤਾ ਗਿਆ ਜੋ ਬਹੁਤ ਕਾਮਯਾਬ ਰਿਹਾ।

(4) ਸਾਊਥਾਲ ਯੂ. ਕੇ. : ਸ਼ਨੀਵਾਰ 7 ਅਗਸਤ ਨੂੰ ਸਿੰਘ ਸਭਾ ਗੁਰਦੁਆਰਾ ਸਾਊਥਾਲ ਵਿਖੇ ਜੱਥੇ ਵਲੋਂ ਅਖੰਡ ਕੀਰਤਨ ਦਰਬਾਰ ਦੇ ਪ੍ਰੋਗਰਾਮ ਰਚਾਏ ਗਏ। ਖਾਲਸਾ ਪੰਥ ਦੇ ਸਮੂਹ ਸ਼ਹੀਦਾ ਦੀ ਯਾਦ ਵਿਚ ਰਖੇ ਗਏ ਸਮਾਗਮ ਵਿਚ ਯੂ. ਕੇ. ਭਰ ਤੋਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ ਅਤੇ ਇੰਜ ਲਗਦਾ ਸੀ ਕਿ ਜਿਵੇਂ ਮਾਸਿਕ ਰੈਣਿ ਸਬਾਈ ਕੀਰਤਨ ਹੋ ਰਿਹਾ ਹੋਵੇ।

(5) ਹਾਲੈਂਡ : 8 ਅਗਸਤ ਤੋਂ 13 ਅਗਸਤ ਤਕ ਇਕ ਮਿਨੀ ਬਸ ਰਾਹੀਂ ਜੱਥੇ ਦੇ ਸਿੰਘ ਹਾਲੈਂਡ ਵਿਖੇ ਧਰਮ ਪ੍ਰਚਾਰ ਦੀ ਫੇਰੀ ਤੇਂ ਗਏ। ਜਿਸ ਵਿਚ ਗੁਰਬਾਣੀ ਦੇ ਅਖੰਡ ਜਾਪ ਵੀ ਹੋਏ ਅਤੇ ਹਾਲੈਂਡ


www.AKJ.Org

ਦੇ ਮੇਨ ਗੁਰੂ ਘਰਾਂ ਵਿਚ ਕੀਰਤਨ ਦਰਬਾਰ ਰਖੇ ਗਏ। ਯਾਦ ਰਹੇ ਕ ਜੱਥੇ ਦੇ ਸਿੰਘ ਆਪਣੇ ਖਰਚੇ ਤੇ ਪ੍ਰਚਾਰ ਕਰਨ ਲਈ ਵਖ ਵਖ ਦੇਸ਼ਾਂ ਨੂੰ ਜਾਂਦੇ ਹਨ।

(6) ਹਾਲੈਂਡ : ਇੰਗਲੈਂਡ ਵਿਖੇ ਅਗਸਤ ਮਹੀਨੇ ਦੇ ਆਖਰੀ ਦਿਨ ਤੇ ਨੈਸ਼ਨਲ ਹਾਲੀਡੇ ਹੁੰਦੀ ਹੈ, ਹਰੇਕ ਸਾਲ ਯੂ. ਕੇ. ਜੱਥੇ ਵਲੋਂ ਇਸ ਸਮੇਂ ਤੇ ਯੂਰਪ ਦੇ ਮੁਲਕਾਂ ਵਿਚ ਰੈਣਿ ਸਬਾਈ ਕੀਰਤਨ ਦਾਂ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ। ਪਿਛਲੇ ਸਾਲ ਜਰਮਨ ਵਿਚ ਰੈਣਿ ਸਬਾਈ ਸੀ ਅਤੇ ਐਂਤਕੀ ਹਾਲੈਂਡ ਦੇ ਐਮਸਾਡੈਮ ਸ਼ਹਿਰ ਵਿਖੇ ਰਖੀ ਗਈ। ਜੱਥੇ ਦੇ 70 ਸਿੰਘ ਸਿੰਘਣੀਆਂ ਬਸਾਂ ਰਾਹੀਂ ਹਾਲੈਂਡ ਦੀ ਫੇਰੀ ਤੇ ਗਈ। ਇਥੇ ਅੰਮ੍ਰਿਤ ਸੰਚਾਰ ਵੀ ਹੋਏ। ਭਾਈ ਮਨਜੀਤ ਸਿੰਘ ਯੂ. ਕੇ. ਤੋਂ ਇਲਾਵਾ ਹੋਰ ਕੀਰਤਨੀਆਂ ਨੇ ਰਸ ਭਿੰਨਾ ਕੀਰਤਨ ਕਰਕੇ ਹਾਲੈਂਡ ਦੀਆਂ ਲੋਕਲ ਸੰਗਤਾਂ ਨੂੰ ਨਿਹਾਲ ਕੀਤਾ।

(7) ਪੈਰਿਸ (ਫਰਾਂਸ) : 11 ਅਤੇ 12 ਸਤੰਬਰ ਨੂੰ ਜੱਥੇ ਦੇ 15 ਮੈਂਬਰ ਮਿੰਨੀ ਬਸ ਰਾਹੀਂ ਪੈਰਿਸ ਫਰਾਂਸ ਨੂੰ ਰਵਾਨਾ ਹੋਏ। ਸਿੰਘ ਸਭਾ ਗੁਰਦੁਆਰਾ ਪੈਰਿਸ ਵਲੋਂ ਸਮੂਹ ਸ਼ਹੀਦਾਂ ਦੀ ਯਾਦ ਵਿਚ ਕੀਰਤਨ ਸਮਾਗਮ ਰਖੇ ਗਏ, ਸ਼ਨੀਵਾਰ ਸ਼ਾਮ ਨੂੰ 7 ਵਜੇ ਤੋਂ 1 ਵਜੇ ਰਾਤ ਤਕ ਅਖੰਡ ਕੀਰਤਨ ਦੇ ਅਖਾੜੇ ਸਜੇ ਅਤੇ ਫਿਰ ਐਤਵਾਰ ਸਵੇਰੇ 9 ਵਜੇ ਤੋਂ ਦੁਪਿਹਰ ਦੇ 1 ਵਜੇ ਤਕ ਕੀਰਤਨ ਦੀਆਂ ਗੂੰਜਾਂ ਪਈਆਂ। ਐਤਵਾਰ ਨੂੰ ਤਕਰੀਬਨ 700 ਦੇ ਕਰੀਬ ਸੰਗਤ ਪੁਜੀ ਜਿਸ ਦੇ ਨਾਲ ਗੁਰੂ ਘਰ ਦੇ ਹਾਲ ਵਿੱਚ ਬੈਠਨ ਦੀ ਕੋਈ ਜਗਾ ਨਹੀਂ ਰਹੀ। ਕੀਰਤਨ ਤੋਂ ਉਪਰੰਤ ਜੱਥੇ ਦੇ। ਨੌਜਵਾਨਾਂ ਨੇ ਆਪਣੇ ਗਤਕੇ ਦੇ ਜੌਹਰ ਵਿਖਾਏ।

(8) ਬ੍ਰਮਿੰਘਮ : ਗੁਰਪੁਰਵਾਸੀ ਭਾ: ਬੰਤਾ ਸਿੰਘ ਜੀ ਜੋ ਬੀਤੇ ਦਿਨੀ ਚਲਾਣਾ ਕਰ ਗਏ ਸਨ, ਉਹਨਾਂ ਦੀ ਨਿਘੀ ਯਾਦ ਵਿਚ ਯੂ. ਕੇ. ਜੱਥੇ ਵਲੋਂ ਗੁਰੂ ਨਾਨਕ ਗੁਰਦੁਆਰਾ ਵੈਸਟ ਬ੍ਰਾਮਵਿਚ ਵਿਖੇ 18 ਸਤੰਬਰ ਨੂੰ ਕੀਰਤਨ ਦੇ ਅਖਾੜੇ ਸਜਾਏ ਗਏ। ਜਿਸ ਵਿਚ ਯੂ. ਕੇ. ਭਰ ਤੋਂ ਸੰਗਤਾਂ ਭਾਰੀ ਗਿਣਤੀ ਵਿਚ ਪੁਜੀਆਂ। ਭਾ: ਸਾਹਿਬ ਨੇ ਯੂ. ਕੇ. ਵਿਖੇ ਪਹਿਲੀ ਰੈਣਿ ਸਬਾਈ ਕੀਰਤਨ ਸੰਨ 1966 ਵਿਚ ਸਮੈਥਿਕ ਦੇ ਗੁਰੂ ਘਰ ਵਿਖੇ ਰਖੀ ਸੀ। ਜਿਸ ਦੇ ਨਾਲ ਹੌਲੀ ਹੌਲੀ ਜੱਥਾ ਵਧਦਾ ਗਿਆ।

(9) ਡਰਬੀ ਯੂ. ਕੇ. : ਸ਼ਨੀਵਾਰ 25 ਸਤੰਬਰ ਨੂੰ ਡਰਬੀ ਦੇ ਗੁਰੂ ਅਰਜਨ ਦੇਵ ਜੀ ਗੁਰਦੁਆਰਾ ਵਿਖੇ ਜੱਥੇ ਦੀ ਮਾਸਿਕ ਰੈਣਿ ਸਬਾਈ ਹੋਈ। ਸਾਊਥਾਲ, ਸਲੋਹ ਬ੍ਰੈਡਫੋਰਡ ਅਤੇ ਬ੍ਰਮਿੰਘਮ ਤੋਂ ਸੰਗਤਾਂ ਬਸਾਂ ਰਾਹੀਂ ਹੁੰਮ ਹੁੰਮਾ ਕੇ ਪੁੱਜੀਆਂ। ਸਾਰੀ ਰਾਤ ਕੀਰਤਨ ਚੜ੍ਹਦੀ ਕਲਾ ਵਿਚ ਹੋਇਆ। ਯਾਦ ਰਹੇ ਕਿ ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਹਰ ਮਹੀਨੇ ਵੱਖਰੇ ਸ਼ਹਿਰਾਂ ਵਿਚ ਮਾਸਿਕ ਰੈਣਿ ਸਬਾਈਆਂ ਕੀਤੀਆਂ ਜਾਂਦੀਆਂ ਹਨ ਅਤੇ ਸਾਲ ਦੇ 4-5 ਵਾਰੀ ਅੰਮ੍ਰਿਤ ਸੰਚਾਰ ਵੀ ਕੀਤੇ ਜਾਂਦੇ ਹਨ। ਲੋਕਲ ਤੌਰ ਤੇ ਹਰੇਕ ਸ਼ਹਿਰਾਂ ਵਿਚ ਹਰ ਹਫਤੇ ਕੋਈ ਨਾ ਕੋਈ ਪ੍ਰੋਗਰਾਮ ਹੁੰਦੇ ਰਹਿੰਦੇ ਹਨ। ਇੰਗਲੈਂਡ ਭਰ ਸਾਰੀ ਸੰਗਤ ਯੂ. ਕੇ. ਜੱਥੇ ਨੂੰ ਪੂਰਾ ਸਹਿਯੋਗ ਦੇ ਰਹੀ ਹੈ।

ਅਖੰਡ ਕੀਰਤਨੀ ਜੱਥਾ ਯੂ. ਕੇ. ਦੀਆਂ ਸਰਗਰਮੀਆਂ ਸੂਰਾ ਦੇ ਚੰਦੇ ਤੇ ਹੋਰ ਜਾਣਕਾਰੀ ਲਈ ਸੰਪਰਕ ਕਰੋ ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP. Tel & Fax 01753-530624
Website :-www.akj.org.uk

---

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

### ਫ੍ਰੀ ਲਿਟ੍ਰੇਚਰ ਫੰਡ


| | |
|---|---|
| ਸ: ਪਰਮਿੰਦਰ ਸਿੰਘ- | 100/- |
| ਸ: ਰਣਜੀਤ ਸਿੰਘ- | 200/- |
| ਗੁਪਤ- | 100/- |
| ਗੁਪਤ- | 50/- |
| ਗੁਪਤ- | 20/- |
| ਬਖਸ਼ੀਸ਼ ਸਿੰਘ- | 51/- |
| ਗੁਰਦੀਪ ਸਿੰਘ- | 60/- |
| ਰਾਜਵੰਤ ਕੌਰ- | 250/- |

### ਸੂਰਾ ਸਹਾਇਤਾ

| | |
|---|---|
| ਗੁਪਤ- | 150/- |
| ਬੀਬੀ ਹਰ ਕੌਰ- | 100/- |
| ਚਰਨਜੀਤ ਸਿੰਘ- | 250- |
| ਗੁਪਤ- | 50/- |
| ਗੁਪਤ- | 15/- |
| ਗੁਪਤ- | 500/- |


www.AKJ.Org

# ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਕੀਰਤਨ ਸਮਾਗਮਾਂ ਦੀਆਂ ਝਲਕੀਆਂ





(ਉਪਰ) ਹਾਲੈਂਡ ਵਿਖੇ ਯੂ.ਕੇ. ਦੇ ਜੱਥੇ ਦੇ ਨੌਜੁਆਨ ਕੀਰਤਨ ਕਰਦੇ ਹੋਏ
(ਹੇਠਾਂ) ਪੈਰਿਸ ਦੇ ਗੁਰਦੁਆਰੇ ਵਿਖੇ ਭਾਈ ਮਨਜੀਤ ਸਿੰਘ ਕੀਰਤਨ ਕਰਦੇ ਹੋਏ





ਜੁਲਾਈ ਮਹੀਨੇ ਖੁੱਲ੍ਹੇ ਪੰਡਾਲ ਵਿਚ ਰੈਣ ਸਬਾਈ ਕੀਰਤਨ ਸਮਾਗਮ ਸਮੇਂ
(ਉਪਰ) ਭਾਈ ਮਨਜੀਤ ਸਿੰਘ ਜੀ ਕੀਰਤਨ ਕਰਦੇ ਹੋਏ।
(ਹੇਠਾਂ) ਬੀਬੀ ਕੁਲਦੀਪ ਕੌਰ ਬੇਗੋਵਾਲ ਵਾਲੇ ਕੀਰਤਨ ਕਰਦੇ ਹੋਏ।



www.AKJ.Org

# ਰਿਸ਼ਤੇ ਨਾਤੇ

ਨੋਟ :–1. ਕੇਵਲ ਅੰਮ੍ਰਿਤਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਲਈ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ ਜੀ।

੨. ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ।

3. ਇਸ਼ਤਿਹਾਰ ਛਪਵਾਉਣ ਲਈ ਬੱਚਿਆਂ ਅਤੇ ਆਪਣੇ ਬਾਰੇ ਪੂਰਾ ਵੇਰਵਾ ਸਪੱਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ।

4. ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇਕ 3 ਰੁ: ਦੀ ਟਿਕਟ ਲੱਗਿਆ ਬਗੈਰ ਕਿਸੇ ਐਡਰੈਸ ਤੋਂ Envelopoe ਨਾਲ ਭੇਜੋ ਜੀ।

LD- 287 25 ਸਾਲਾ ਕੱਦ 5' 3'' ਐਮ. ਏ. ਪੰਜਾਬੀ ਪਾਸ ਯੋਗ ਘਰੇਲੂ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD- 288 24 ਸਾਲਾ, ਕੱਦ 5'5'' B. A B. Ed. ਪਾਸ ਅਤੇ MA ਕਰ ਰਹੀ ਬੀਬੀ, ਲਈ ਯੋਗ ਵਰ ਦੀ ਲੋੜ ਹੈ

LD- 289 ਸਾਢੇ ੨5 ਸਾਲਾ ਕੱਦ 5'6'', ਬੀ.ਏ. ਭਾਗ ਪਹਿਲਾ ਪਾਸ ਸਿਲਾਈ ਕਢਾਈ ਜਾਣਦੀ ਬੀਬੀ ਲਈ ਵਰ ਦੀ ਲੋੜ ਹੈ।

LD- 290 ਸਾਢੇ 23 ਸਾਲਾ ਕੱਦ 5'4'' ਸਿਲਾਈ ਕਢਾਈ ਜਾਣਦੀ ਬੀਬੀ ਲਈ ਯੋਗ ਵਰ ਦੀ ਲੋੜ ਹੈ

LD- 291 ਸਾਢੇ 23 ਸਾਲਾ ਕੱਦ 5' ਬੀ.ਏ. ਪਾਸ ਸਰਬਲੋਹ ਬਿਬੇਕੀ ਬੀਬੀ ਲਈ ਯੋਗ ਵਰ ਦੀ ਲੋੜ ਹੈ

LD- 292 22 ਸਾਲਾ ਕੱਦ 5'6'' ਮੈਟ੍ਰਿਕ ਪਾਸ ਸਰਬਲੋਹ ਬਿਬੇਕੀ ਬੀਬੀ ਲਈ ਯੋਗ ਵਰ ਦੀ ਲੋੜ ਹੈ

LD- 293 ਸਾਢੇ 22 ਸਾਲਾ ਕੱਦ 5'8'' ਐਮ.ਕਾਮ ਕਰ ਰਹੀ, ਇਕ ਸਾਲ ਕੰਪਿਊਟਰ ਡਿਪਲੋਮਾ ਪਾਸ ਅਤੇ ਕੰਪਿਊਟਰ ਟੀਚਰ ਦੀ ਨੌਕਰੀ ਕਰ ਰਹੀ ਗੁਰਮੁਖ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD- 294 ਸਾਢੇ 20 ਸਾਲਾ ਕੱਦ 5'5'', ਬੀ.ਏ. ਕਰ ਰਹੀ ਅਤੇ I. T. I. ਤੋਂ Modern office Practice ਦੇ ਡਿਪਲੋਮੇ ਦਾ ਆਖਰੀ ਸਮੈਸਟਰ ਕਰ ਰਹੀ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD- 295 21 ਸਾਲਾ ਕੱਦ 5'2'' ਐਮ.ਏ.ਪਾਸ ਸਿਲਾਈ ਅਤੇ ਬੁਨਾਈ ਜਾਣਦੀ ਬੀਬੀ ਲਈ ਚੰਗੀ ਨੌਕਰੀ ਕਰ ਰਹੇ ਜਾਂ ਆਪਣਾ ਕਾਰੋਬਾਰ ਕਰਦੇ ਯੋਗ ਵਰ ਦੀ ਲੋੜ ਹੈ।

LD- 296 24 ਸਾਲਾ ਕੱਦ 5'1'' ਨਰਸ ਸਰਕਾਰੀ ਨੌਕਰੀ ਕਰ ਰਹੀ ਬੀਬੀ ਵਾਸਤੇ ਬਿਨਾਂ ਦਾਜ ਦਹੇਜ ਤੋਂ ਵਿਆਹ ਕਰਾਉਣ ਵਾਲੇ ਯੋਗ ਵਰ ਦੀ ਲੋੜ ਹੈ।

LD- 297 ਸਾਢੇ 27 ਸਾਲਾ ਕੱਦ 5'3'' ਨਰਸਿੰਗ ਡਿਪਲੋਮਾ ਪਾਸ ਸਟਾਫ ਨਰਸ ਮਾਸਿਕ ਤਨਖਾਹ 6700/- ਦੀ ਨੌਕਰੀ ਕਰ ਰਹੀ ਬੀਬੀ ਲਈ ਯੋਗ ਪੜ੍ਹੇ ਲਿਖੇ ਵਰ ਦੀ ਲੋੜ ਹੈ।

LD- 298 30 ਸਾਲਾ ਕੱਦ 5'2'' D.H.M.S. ਪਾਸ ਹੋਮਿਓਪੈਥੀ ਡਾਕਟਰ ਆਪਣਾ ਕਲੀਨਿਕ ਚਲਾ ਰਹੀ ਗੁਰਮੁਖ ਬੀਬੀ ਲਈ ਡਾਕਟਰ ਜਾਂ ਚੰਗੇ ਪੜ੍ਹੇ ਲਿਖੇ well-settled ਯੋਗ ਵਰ ਦੀ ਲੋੜ ਹੈ।

LD- 299 ਸਾਢੇ 29 ਸਾਲਾ ਕੱਦ 5'5'' B. Sc. B. ed. ਬੀਬੀ ਲਈ ਯੋਗ ਵਰ ਦੀ ਲੋੜ ਹੈ।

LD- 300 ਸਾਢੇ 27 ਸਾਲਾ ਕੱਦ 5' B. Sc. B .Ed.M.A. ਪੰਜਾਬੀ ਅਤੇ D.Pharamacy ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD- 301 ਸਾਢੇ 28 ਸਾਲਾ ਕੱਦ 5'2'' ਬੀ.ਏ. ਭਾਗ ਪਹਿਲਾ ਪਾਸ ਅਤੇ B.E.M.S. ਡਾਕਟਰ ਬਿਬੇਕੀ ਬੀਬੀ ਲਈ ਯੋਗ ਪੜ੍ਹੇ ਲਿਖੇ ਵਰ ਦੀ ਲੋੜ ਹੈ।

LD- 302 24 ਸਾਲਾ ਕੱਦ 5'8'' ਮਿਡਲ ਪਾਸ 3500/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD- 303 23 ਸਾਲਾ ਕੱਦ 5'9'' ਮਕੈਨੀਕਲ ਡਿਪਲੋਮਾ ਪਾਸ ਆਪਣੀ ਵਰਕਸ਼ਾਪ ਵਾਲੇ ਸਿੰਘ ਲਈ ਯੋਗ ਘੱਟੋ ਘੱਟ 5'6'' ਕੱਦ ਵਾਲੀ ਬੀਬੀ ਦੀ ਲੋੜ ਹੈ।


www.AKJ.Org -

LD- 304 ਸਾਢੇ ੨੬ ਸਾਲਾ ਕੱਦ 5'6'' ਬੀ.ਕਾਮ.ਆਨਰਜ਼ ਅਤੇ ਚਾਰਟਰਡ ਅਕਾਊਂਟੈਂਟ ਪਾਸ ਚੰਗੀ ਕੰਪਨੀ ਵਿਚ ਚੰਗੀ ਤਨਖਾਹ ਤੇ ਨੌਕਰੀ ਕਰ ਰਹੇ ਕੀਰਤਨੀਏ ਅਤੇ ਮਿਸ਼ਨਰੀ ਸਿੰਘ ਲਈ ਸੁਯੋਗ ਬੀਬੀ ਦੀ ਲੋੜ ਹੈ।

LD- 305 25 ਸਾਲਾ ਕੱਦ 5'8'' ਮੈਟ੍ਰਿਕ ਪਾਸ ਆਪਣੀ ਕਰਿਆਨੇ ਦੀ ਦੁਕਾਨ 15 ਤੋਂ ੨੦ ਹਜ਼ਾਰ ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਲੰਬੇ ਕੱਦ ਵਾਲੀ ਬੀਬੀ ਦੀ ਲੋੜ ਹੈ।

LD- 306 27 ਸਾਲਾ ਕੱਦ 5'1'' ਮਿਡਲ ਪਾਸ ਦਰਜ਼ੀ ਦਾ ਕੰਮ ਕਰਦੇ ਆਪਣੀ ਦੁਕਾਨ 3000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD- 307 29 ਸਾਲਾ ਕੱਦ 5'4'' ਚੰਗੀ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD- 308 26 ਸਾਲਾ ਕੱਦ 5'6'' B.Com. ਭਾਗ ਦੂਜਾ ਪਾਸ ਆਪਣਾ ਸਪੇਅਰ ਪਾਰਟਸ ਦਾ ਬਿਜ਼ਨਿਸ ਕਰਦੇ ਲਗਭਗ 15000/- ਮਹੀਨਾ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD- 309 25 ਸਾਲਾ ਮੈਟ੍ਰਿਕ ਪਾਸ ਕੀਰਤਨੀਆ ਅਤੇ ਤਬਲਾ ਮਾਸਟਰ ਨੌਕਰੀ ਕਰਦੇ 5000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD- 310 38 ਸਾਲਾ ਕੱਦ 5'3'' B.Com. ਪਾਸ ਦੁਹਾਜੂ ਚੰਗੀ ਕੰਪਨੀ ਵਿਚ ਪ੍ਰਾਈਵੇਟ ਨੌਕਰੀ ਕਰ ਰਹੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ। ਪਹਿਲੀ ਪਤਨੀ ਚੜ੍ਹਾਈ ਕਰ ਗਈ ਹੈ। ਕੋਈ ਬੱਚਾ ਨਹੀਂ। ਬਿਨਾਂ ਬੱਚੇ ਤੋਂ ਵਿਧਵਾ ਵੀ ਪ੍ਰਵਾਨ ਹੈ।

LD- 311 30 ਸਾਲਾ ਕਾਮਰਸ ਗ੍ਰੈਜੂਏਟ ਅਤੇ ਕੰਪਿਊਟਰ ਕੋਰਸ ਪਾਸ 10 ਹਜ਼ਾਰ ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

(ਪੰਨਾ ੩੦ ਦਾ ਬਾਕੀ ..)

ਨੂੰ ਸਨਮੁਖ ਤੱਕਦਿਆਂ ਹੱਸ ਕੇ ਆਪਾ ਵਾਰਿਆ। ਇਸ ਬਾਅਦ ਕਈ ਸਾਲਾਂ ਦੇ ਸੰਘਰਸ਼ ਪਿਛੋਂ ਖਾਲਸੇ ਨੇ ਮੁਗ਼ਲ ਹਕੂਮਤ ਦਾ ਬੀਜ ਨਾਸ ਕਰ ਕੇ ਹੀ ਸਾਹ ਲਿਆ।

ਖਾਲਸਾ ਸਜਾਉਣ ਦਾ ਮਹਾਨ ਸਮਾਗਮ ਅੱਜ ਤੋਂ. ੩੦੦ ਸਾਲ ਪਹਿਲਾਂ ਰਚਿਆ ਸੀ। ਏਨੇ ਲੰਮੇ ਸਮੇਂ ਵਿੱਚ ਬੇਅੰਤ ਘਟਨਾਵਾਂ ਵਾਪਰੀਆਂ। ਸਿੱਖ ਕੌਮ ਜੰਗਜੂ ਕੌਮ (Martial Race) ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ। ਇਸ ਨੇ ਸਿੱਖ ਰਾਜ ਸਥਾਪਤ ਕਰ ਕੇ ਇਨਸਾਨੀਅਤ ਤੇ ਸਾਂਝੀਵਾਲਤਾ ਦਾ ਨਮੂਨਾ ਪੇਸ਼ ਕੀਤਾ। ਜਿਸ ਸੁਨਹਿਰੀ ਮਸਜਿਦ ਤੋਂ ਸ਼ਹਾਦਤ ਦਾ ਜਾਮ ਪਿਲਾਉਣ ਦਾ ਫ਼ੁਰਮਾਨ ਜਾਰੀ ਹੋਇਆ ਸੀ, ਉਸ ਦਾ ਸੁੰਗੜਿਆ ਹੋਇਆ ਆਕਾਰ ਹੁਣ ਸ੍ਰੀ ਸੀਸ ਗੰਜ ਗੁਰ-ਅਸਥਾਨ ਕੋਲ ਦੇਖਿਆ ਜਾ ਸਕਦਾ ਹੈ।

ਜਿਸ ਮੁਤਅੱਸਬੀ ਜਾਬਰ ਬਾਦਸ਼ਾਹ ਨੇ ਸਤਿਗੁਰੂ ਦੇ ਸਰੀਰਕ ਸਰੂਪ ਨਾਲ ਖ਼ੂਨ ਦੀ ਹੋਲੀ ਖੇਲੀ, ਉਸ ਦਾ ਅੰਤ ਔਰੰਗਾਬਾਦ ਵਿਚ ਬਹੁਤ ਦੁਖਦਾਈ ਤੇ ਪਛਤਾਵੇ ਭਰਪੂਰ ਹੋਇਆ। ਆਲਮਗੀਰ ਹੁਕਮਰਾਨ ਦਾ ਬੁਢਾਪਾ ਭੀ ਵੈਰੀ ਬਣ ਗਿਆ। ਬੇਬਸੀ ਤੇ ਲਾਚਾਰਗੀ ਦੀ ਹਾਲਤ ਵਿਚ ਕੋਈ ਅਜ਼ੀਜ਼ (ਪਿਆਰਾ) ਕੋਲ ਨਹੀਂ ਸੀ, ਜਿਹੜਾ ਪਾਣੀ ਦਾ ਘੁੱਟ ਪਿਲਾ ਸਕੇ। ਅੰਤ ਨੂੰ ਇੱਕ ਛੁੱਟੜ ਰੋਗੀ ਵਾਂਗਰ ਦੁਨੀਆ ਤੋਂ ਕੂਚ ਕਰ ਗਿਆ। ਹੁਣ ਉਸ ਦੀ ਕਬਰ ਤੇ ਸਤਿਕਾਰ ਸਹਿਤ ਚਰਾਗ ਜਗਾਉਣ ਵਾਲਾ ਕੋਈ ਨਹੀਂ, ਜੇ ਕੋਈ ਹੈ ਤਾਂ ਤੇਲ ਲਈ ਪੈਸੇ ਪੈਸੇ ਦਾ ਮੁਹਤਾਜ ਹੈ।

ਸੱਚੇ ਸਾਹਿਬ ਗੁਰਦੇਵ ਜੀ । ਧੰਨ ਧੰਨ ਹੈ ਆਪ ਦੀ ਉਪਕਾਰ ਭਰੀ ਕੁਰਬਾਨੀ। ਜਿਸ ਧਰਤੀ ਤੇ ਆਪ ਜੀ ਦਾ ਪਾਵਨ ਖ਼ੂਨ ਡੁੱਲ੍ਹਿਆ, ਉਸ ਥਾਂ ਤੇ ਵਿਸ਼ਾਲ ਗੁਰਦੁਆਰਾ, ਸੀਸ ਗੰਜ ਸਾਹਿਬ ਸੁਸ਼ੋਭਿਤ ਹੈ। ਇਹ ਐਸਾ ਸਰਬ-ਸਾਂਝਾ ਸੱਚਾ ਦਰਬਾਰ ਹੈ ਜਿਥੇ ਹਰੇਕ ਵਰਗ ਦਾ ਸ਼ਰਧਾਲੂ ਪਾਵਨ ਧਰਤੀ ਦੀ ਚਰਨ-ਧੂੜੀ ਪਰਸਣ ਲਈ ਹਾਜ਼ਰੀ ਭਰਦਾ ਹੈ, ਦੁਨਿਆਵੀ ਬਖਸ਼ਸ਼ ਤੇ ਆਤਮ ਕਲਿਆਨ ਦੀ ਦਾਤਿ ਨਾਲ ਦਾਮਨ ਭਰ ਕੇ ਆਪਣੇ ਆਪ ਨੂੰ ਵਡਭਾਗਾ ਸਮਝਦਾ ਹੈ। ਦਸਮੇਸ਼ ਪਿਤਾ ਦੇ ਅਮੁੱਲ ਬਚਨ ਭੂਤ ਭਵਿੱਖ ਵਰਤਮਾਨ ਵਿਚ ਸੱਤ ਤੇ ਅਟੱਲ ਹਨ-

ਤੇਗ ਬਹਾਦਰ ਸਿਮਰੀਐ ਘਰ ਨਉਨਿਧ ਆਵੈ ਧਾਇ।।

## ਆਉਣ ਵਾਲੇ ਕੀਰਤਨ ਸਮਾਗਮ

### ਪਿੰਡ ਜਗਪਾਲਪੁਰ (ਫਗਵਾੜਾ) ਵਿਖੇ ਰੈਣਿ ਸਬਾਈ ਕੀਰਤਨ

ਭਾਈ ਹਰਜੀਤ ਸਿੰਘ ਬੀਬੀ ਬਲਜਿੰਦਰ ਕੌਰ ਦੇ ਗ੍ਰਹਿ ਵਿਖੇ ੬ ਨਵੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਪਿੰਡ ਜਗਪਾਲਪੁਰ ਫਗਵਾੜੇ ਤੋਂ ਹੁਸ਼ਿਆਰਪੁਰ ਵਾਲੀ ਸੜਕ ਤੋਂ ਪਲਾਹੀ ਰੋਡ ਤੇ ਸਥਿਤ ਹੈ। ਟੈਲੀ: 01824-44004,44014

### ਆਗਰਾ ਵਿਖੇ ਅਖੰਡ ਕੀਰਤਨ ਸਮਾਗਮ

4 ਨਵੰਬਰ ਸ਼ਾਮ 7 ਤੋਂ ੭ ਅਤੇ 5 ਨਵੰਬਰ ਸਵੇਰੇ ੬ ਤੋਂ ੧੨ ਵਜੇ ਤੱਕ ਕੀਰਤਨ ਗੁ: ਗੁਰੂ ਕਾ ਤਾਲ ਵਿਖੇ 5 ਨਵੰਬਰ ਸ਼ਾਮ 7 ਤੋਂ ੭ ਕੀਰਤਨ ਗੁ: ਮਾਈ ਥਾਨ ਵਿਖੇ। ੬ ਨਵੰਬਰ ਸਵੇਰੇ ੬ ਤੋਂ ੧੨ ਅਖੰਡ ਕੀਰਤਨ ਅਤੇ ਸ਼ਾਮ ਨੂੰ ਸੋਦਰ ਉਪਰੰਤ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਗੁ: ਗੁਰੂ ਕਾ ਤਾਲ ਵਿਖੇ ਆਰੰਭ ਹੋਣਗੇ। ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਗੁ: ਗੁਰੂ ਕਾ ਤਾਲ ਵਿਖੇ ਹੋਵੇਗਾ।

### ਗੁ: ਦੂਖ ਨਿਵਾਂਰਨ ਸਾਹਿਬ ਪਟਿਆਲਾ ਵਿਖੇ ਰੈਣਿ ਸਬਾਈ ਕੀਰਤਨ

ਪੰਚਮੀ ਦੇ ਮਾਸਿਕ ਜੋੜ ਮੇਲੇ ਤੇ ੧੨ ਨਵੰਬਰ ਸ਼ੁਕਰਵਾਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ

ਮਾਸਿਕ ਰੈਣਿ ਸਬਾਈ ਕੀਰਤਨ ਪਿੰਡ ਘੁਮਾਣ ਨੇੜੇ ਸੁਧਾਰ (ਲੁਧਿਆਣਾ) ਵਿਖੇ 13 ਨਵੰਬਰ ਰਾਤ ਨੂੰ

ਕੁਰਾਲੀ ਗੁ: ਹਰਿਗੋਬਿੰਦਗੜ੍ਹ ਸਾਹਿਬ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ 13 ਨਵੰਬਰ ਰਾਤ ਨੂੰ

### ਜਗਾਧਰੀ ਵਿਖੇ ਅਖੰਡ ਕੀਰਤਨ ਸਮਾਗਮ 11 ਤੋਂ 14 ਨਵੰਬਰ

11 ਨਵੰਬਰ ਸਵੇਰੇ 5 ਵਜੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਪ੍ਰੀਤੀ ਪਲਾਈ ਬੋਰਡ ਪ੍ਰਾ. ਲਿਮ. ਵਿਖੇ। ੧੨ ਨਵੰਬਰ ਸ਼ਾਮ 6 ਤੋਂ 9 ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਯਮੁਨਾਨਗਰ ਵਿਖੇ 13 ਨਵੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ ਪ੍ਰੀਤੀ ਪਲਾਈ ਬੋਰਡ ਪ੍ਰਾ. ਲਿਮ. ਅਮਾਦਲ ਪੁਰ ਰੋਡ ਬੂੜੀਆ ਗੇਟ, ਜਗਾਧਰੀ ਵਿਖੇ। ਸ਼ਾਮ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਭਾਈ ਮਨਸਾ ਸਿੰਘ ਬੂੜੀਆ ਗੇਟ ਜਗਾਧਰੀ ਵਿਖੇ।

### ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦਾ ਸਾਲਾਨਾ ਕੀਰਤਨ ਸਮਾਗਮ

੨੨ ਨਵੰਬਰ ਸ਼ਾਮ 8 ਤੋਂ 10 ਕੀਰਤਨ ਗੁ: ਬੇਰ ਸਾਹਿਬ ਵਿਖੇ। ੨3 ਨਵੰਬਰ ਸਵੇਰ ਤੋਂ ਦੁਪਹਿਰ ਤੱਕ ਅਤੇ ਸ਼ਾਮ ਸੋਦਰ ਉਪੰਤ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਆਰੰਭ ਗੁ: ਬੇਬੇ ਨਾਨਕੀ ਵਿਖੇ। ੨4 ਨਵੰਬਰ ਬੁਧਵਾਰ ਸਵੇਰੇ 5 ਵਜੇ ਭੋਗ ਰੈਣਿ ਸਬਾਈ ਕੀਰਤਨ।

### ਜਲੰਧਰ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਸਾਲਾਨਾ ਅਖੰਡ ਕੀਰਤਨ ਸਮਾਗਮ

੨1 ਨਵੰਬਰ ਸਵੇਰੇ 3 ਤੋਂ 5 ਵਜੇ ਤੱਕ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਲਾਇਲਪੁਰ ਖਾ: ਸੀ: ਸੈ: ਸਕੂਲ ਵਿਖੇ। ਸ਼ਾਮ 6.30 ਤੋਂ 9.30 ਕੀਰਤਨ ਗੁ: ਸਿੰਘ ਸਭਾ ਮਖਦੂਮਪੁਰਾ ਨਕੋਦਰ ਚੌਂਕ ਵਿਖੇ। ੨੨ ਨਵੰਬਰ ਸਵੇਰੇ 6 ਤੋਂ 10 ਕੀਰਤਨ ਗੁ: ਅਜੀਤ ਨਗਰ ਵਿਖੇ। ਸ਼ਾਮ 6.30 ਤੋਂ 9.30 ਕੀਰਤਨ ਲਾਇਲਪੁਰ ਖਾ: ਸੀ: ਸੈ: ਸਕੂਲ ਵਿਖੇ। ੨3 ਨਵੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਤੇ ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ ਲਾਇਲਪੁਰ ਖਾ: ਸੀ: ਸੈ: ਸਕੂਲ ਵਿਖੇ।

ਪਿੰਡ ਮਹਿਤਾਬਗੜ (ਰਾਜਪੁਰਾ) ਵਿਖੇ ੨8 ਨਵੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ।

### ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਰੈਣਿ ਸਬਾਈ ਕੀਰਤਨ

੨8 ਨਵੰਬਰ ਸ਼ਨੀਵਾਰ ਰਾਤ ਨੂੰ ਹਰ ਮਹੀਨੇ ਦੀ ਤਰਾਂ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

### ਨੌਂਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ ਦਾ ਸਾਲਾਨਾ ਸਮਾਗਮ ਬੰਗਾ ਵਿਖੇ।

4 ਦਸੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ ਗੁ: ਚਰਨਕੰਵਲ ਸਾਹਿਬ ਬੰਗਾ ਵਿਖੇ।

ਮਲੋਟ ਮੰਡੀ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ ਰੈਣਿ ਸਬਾਈ ਕੀਰਤਨ 11 ਦਸੰਬਰ ਰਾਤ ਨੂੰ

### ਪਿੰਡ ਟਾਹਲੀ ਜ਼ਿਲਾ ਹੁਸ਼ਿਆਰਪੁਰ ਵਿਖੇ ਸ਼ਹੀਦੀ ਪੁਰਬ ਤੇ ਰੈਣਿ ਸਬਾਈ ਕੀਰਤਨ

ਭਾਈ ਗੁਲਜ਼ਾਰ ਸਿੰਘ ਖਾਲਸਾ ਦੇ ਗ੍ਰਹਿ 18 ਦਸੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

### ਪਟਨਾ ਸਾਹਿਬ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ 11 ਤੋਂ 14 ਦਸੰਬਰ

11 ਦਸੰਬਰ ਸ਼ਾਮ ਤੋਂ 13 ਦਸੰਬਰ ਦੁਪਹਿਰ ਤੱਕ ਸਵੇਰ ਸ਼ਾਮ ਦੇ ਕੀਰਤਨ ਸਮਾਗਮ ਤਖਤ ਸਾਹਿਬ ਵਿਖੇ 13 ਦਸੰਬਰ ਸ਼ਾਮ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਗੁ: ਬਾਲ ਲੀਲਾ ਵਿਖੇ ਹੋਣਗੇ



www.AKJ.Org

## ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ



### ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ

ਇਸ ਅਸਥਾਨ ਤੇ ਨੌਂਵੇ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤਿਲਕ ਜੰਞੂ ਦੀ ਰਾਖੀ ਲਈ ਆਪਣੀ ਸ਼ਹੀਦੀ ਦੇ ਕੇ ਅਜਿਹੀ ਮਿਸਾਲ ਕਾਇਮ ਕੀਤੀ ਜਿਸ ਦੇ ਨਾਲ ਦੀ ਕੋਈ ਦੂਜੀ ਉਦਾਹਰਣ ਸਾਰੇ ਸੰਸਾਰ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ

www.AKJ.Org

ਨੌਂਵੇ ਪਾਤਸ਼ਾਹ ਨਾਲ ਸਬੰਧਤ ਇਤਿਹਾਸਕ ਗੁ. ਗੁਰੂ ਕਾ ਤਾਲ ਸਾਹਿਬ, ਆਗਰਾ (ਯੂ.ਪੀ.)



ਇਸ ਇਤਿਹਾਸਕ ਅਸਥਾਨ ਤੇ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ 4 ਨਵੰਬਰ 1999 ਤੋਂ 7 ਨਵੰਬਰ 1999 ਤੱਕ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਵੇਰਵਾ ਅੰਦਰ ਦੇਖੋ।

Regd. No./12245/66 SURA OCTOBER 99 P.O.Regd. No. PB/LD/121/99

SURA (Monthly) Kothi No. 12, BLOCK-1, BHAI RANDHIR SINGH NAGAR, LUDHIANA - 141 004

www.AKJ.Org